੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖ਼ਾਲਸਾ ਸਮਾਚਾਰ
# Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੩੩ ਜਿਲਦ ੩੦ ੨੭ ਅਗਸਤ - ੨ ਸਤੰਬਰ ੨੦੨੦, ੧੨-੧੮ ਭਾਦਰੋਂ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 33 Volume 30, 27 August - 2 September 2020
Yearly Subscription India 250/-, Abroad 2500/- and Life Membership India 2500/-, Abroad 25000/-

ਗੁਰਗੱਦੀ ਪੁਰਬ ਗੁਰੂ ਰਾਮਦਾਸ ਜੀ : 31 ਅਗਸਤ/ਭਾਦਰੋਂ ਸੁਦੀ ੧੩

## ਗੁਰੂ ਦਰਸ਼ਨ

❖ ਭਾਈ ਸਾਹਿਬ ਭਾਈ ਵੀਰ ਸਿੰਘ

**ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ॥
ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ॥
ਲਹਣੈ ਪੰਥੁ ਧਰਮ ਕਾ ਕੀਆ॥
ਅਮਰਦਾਸ ਭਲੇ ਕਉ ਦੀਆ॥
ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਯ੍ਉ॥
ਹਰਿ ਕਾ ਨਾਮੁ ਅਖੈ ਨਿਧਿ ਅਪ੍ਯ੍ਉ
ਅਪ੍ਯ੍ਉ ਹਰਿ ਨਾਮੁ ਅਖੈ ਨਿਧਿ ਚਹੁ ਜੁਗਿ
ਗੁਰ ਸੇਵਾ ਕਰਿ ਫਲੁ ਲਹੀਅੰ॥
ਬੰਦਹਿ ਜੋ ਚਰਣ ਸਰਣਿ ਸੁਖੁ ਪਾਵਹਿ
ਪਰਮਾਨੰਦ ਗੁਰਮੁਖਿ ਕਹੀਅੰ॥
ਪਰਤਖਿ ਦੇਹ ਪਾਰਬ੍ਰਹਮੁ ਸੁਆਮੀ
ਆਦਿ ਰੂਪਿ ਪੋਖਣ ਭਰਣੰ॥
ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾਕੀ
ਸ੍ਰੀ ਰਾਮਦਾਸੁ ਤਾਰਣ ਤਰਣੰ॥੧॥**

(ਸਵਈਏ ਮ: ੪ ਕੇ)

ਅੰਦਰ


- ਲਾਵਾਂ : ਬਾਣੀ ਰੂਪ ਤੇ ਵਿਵੇਚਨ 3
- ਸੰਤ ਬਿਮਲਾ ਸਿੰਘ : ਪਿਆਰਾਂ ਦਾ ਸਾਈਂ 5
- Religiosity & Spirituality 7
- ਪੁਸਤਕ ਪੜਚੋਲ : **ਸਿੱਖ ਇਤਿਹਾਸ ਦੇ ਅਣਗੌਲੇ ਨਾਇਕ** 9
- ਸੌ ਸਾਲ ਪਹਿਲਾਂ : ਕਮੇਟੀ ਦਾ ਸਿਖ ਵਾਈਸ ਪ੍ਰੈਜ਼ੀਡੈਂਟ... 10
- ਸ਼ਬਦ ਵਿਆਖਿਆ 11
- ਰਿਪੋਰਟ : ਪੁਸਤਕ **ਪ੍ਰਤਾਪ ਸਿੰਘ ਕੈਰੋਂ-ਏ ਵਿਜ਼ਨਰੀ** ਤੇ ਚਰਚਾ 12


ਵਾਹ ਵਾਹ ਸ੍ਰੀ ਗੁਰੂ ਅਮਰਦਾਸ ਜੀ- "ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ" ਹੁਣ ਆਪਣੇ ਸੁਹਣੇ ਪੰਜ ਭੌਤਕ ਸਰੀਰ ਨੂੰ ਤਿਆਗ ਕੇ ਸਤਿ ਸਰੂਪ ਹੋਏ ਸੱਤਜ ਦੇ ਦੇਸ਼ ਸੱਤਜ ਵਿਚ ਵਸ ਰਹੇ ਹਨ। ਆਪਣੇ ਜਗਤ ਵਿਚ ਹੁੰਦਿਆਂ ਸ੍ਰੀ ਗੁਰੂ ਜੀ ਨੇ ਗੁਰਗਾਦੀ ਤੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਸਥਾਪਨ ਕਰ ਦਿੱਤਾ ਸੀ। ਹੁਣ ਉਸ ਸੁਹਣੀ ਗੁਰ ਨਾਨਕ ਦੇਵ ਜੀ ਦੀ ਗੱਦੀ ਉਤੇ ਸ੍ਰੀ ਗੁਰੂ ਰਾਮਦਾਸ ਜੀ ਨਿਵਾਜੇ ਜਾ ਚੁਕੇ ਹਨ। ਪਰ ਆਪ ਸੰਗਤਾਂ ਵਿਚ ਆ ਕੇ, ਗੱਦੀ ਉਤੇ ਬੈਠ ਕੇ, ਦੀਵਾਨ ਸਜਾਕੇ ਦਰਸ਼ਨ ਨਹੀਂ ਦੇ ਰਹੇ। ਆਪ ਜੀ ਜਗਤ ਤੋਂ ਉਪ੍ਰਾਮ ਦਿੱਸਦੇ ਹਨ, ਘਰੋਂ ਬਾਹਰ ਘੱਟ ਆਉਂਦੇ ਹਨ। ਆਪਣੇ ਟਿਕਾਣੇ ਟਿਕੇ ਯਾ ਤਾਂ ਮਗਨ ਬੈਠੇ ਰਹਿੰਦੇ ਹਨ, ਯਾ ਬੇਮਲੂਮ ਕਦੇ ਬੰਦ ਨੈਣਾਂ ਵਿਚੋਂ, ਕਦੇ ਖੁੱਲੇ ਨੇਤ੍ਰਾਂ ਵਿਚੋਂ ਮੋਤੀ ਝਲਕੇ ਅੱਥਰੂ ਸਹਿਜੇ ਸਹਿਜੇ ਛਲਕਦੇ ਸੁਹਣੀਆਂ ਗੱਲ੍ਹਾਂ ਤੋਂ ਹੌਲੇ ਹੌਲੇ ਤਿਲਕਦੇ ਨੂਰਾਨੀ ਦਾੜ੍ਹੇ ਵਿਚ ਗੁੰਮ ਹੋ ਜਾਂਦੇ ਹਨ। ਕਦੇ ਕਾਗਤ ਕਲਮ ਦੁਆਤ ਪਾਸ ਪਈ ਉਤੇ ਵੈਰਾਗ ਤੇ ਪ੍ਰੇਮ ਮੂਰਤ ਦਿਲ ਦੇ ਅੱਥਰੂ ਕਲਮ ਦੇ ਸੀਨੇ ਥਾਣੀਂ ਲੰਘਾ ਕੇ ਕਾਗਜ਼ ਉਪਰ ਮੂਰਤੀਮਾਨ ਕਰ ਦੇਂਦੇ ਹਨ। ਸ੍ਰੀ ਗੁਰੂ ਅਮਰਦਾਸ ਜੀ ਨੇ ਅੰਤਮ ਵਾਕ ਕੀਤੇ ਓਹ ਏਹ ਸਨ:-

**ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ॥**

(ਰਾਮ: ਸਦ)

ਇਸ ਹੁਕਮੁ ਦੇ ਹੁੰਦਿਆਂ ਗੁਰਗਾਦੀ ਦੇ ਮਾਲਕ ਉਨ੍ਹਾਂ ਦਾ ਰੂਪ, ਕਿਉਂ ਵੈਰਾਗ ਵਿਚ ਹਨ, ਇਸਦਾ ਉੱਤਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਾਕ ਹੈ :-

**ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ॥......
ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ॥**

(ਵਡਹੰਸ ਮ: ੧)

ਏਹ ਅਥਰੂ ਰੋਣ ਨਹੀਂ, ਨਾ ਵਾਲੇਵੇ ਦਾ ਹੈ, ਇਹ ਤਾਂ ਪ੍ਰੇਮ ਹੈ ਜੋ 'ਮੈਂ ਨੀਰੁ ਵਹੇ ਵਹਿ ਚਲੈ ਜੀਉ' ਹੋ ਰਿਹਾ ਹੈ। ਆਪ ਵਾਲੇਵੇ ਦਾ ਰੋਣ ਨਹੀਂ ਰੋ ਰਹੇ। ਇਹ ਨਹੀਂ ਫੁਰ ਰਿਹਾ ਕਿ 'ਹਾਇ ਕਿਉਂ ਟੁਰ ਗਏ ਹਨ, ਹਾਇ ਹੁਣ ਕਿੱਦ ਕਰਸਾਂ, ਹਾਇ ਆਹ ਨੁਕਸਾਨ ਮਾਲੀ ਤੇ ਸ਼ਰੀਰਕ ਹੋ ਗਿਆ ਹੈ।' ਏਸ ਪ੍ਰਕਾਰ ਦੇ ਵਾਲੇਵੇ ਦੇ ਫੁਰਨੇ ਨਹੀਂ ਹਨ। ਆਪ ਜੀ ਨੂੰ ਤਾਂ 'ਗੁਰ ਅਮਰ' ਅਮਰ ਦਿੱਸ ਰਿਹਾ ਹੈ। ਪਰ ਜੋ ਵਿਛੋੜਾ ਪ੍ਰਤੱਖ ਨੈਣਾਂ ਤੋਂ ਹੋਇਆ ਹੈ ਉਹ ਪ੍ਰੇਮ ਦੀਆਂ ਤਣਾਵਾਂ ਨੂੰ ਹਿਲਾ ਹਿਲਾ ਕੇ ਬਿਰਹੁੰ ਸੁਲਤਾਨ ਦਾ ਰੂਪ ਦੇ ਦੇਂਦਾ ਹੈ।

ਦਾਨੇ ਦੱਸਦੇ ਹਨ ਕਿ ਵਾਹਿਗੁਰੂ ਦਾ ਸਰੂਪ 'ਪ੍ਰਿਯ' ਹੈ। 'ਪ੍ਰਿਯ' ਨਾਮ ਪ੍ਰੇਮ ਦਾ ਹੈ। ਗੁਰੂ ਰਾਮਦਾਸ ਜੀ ਦਾ ਪ੍ਰੇਮ 'ਪ੍ਰਿਯ' ਸਰੂਪ ਪ੍ਰੇਮ ਹੈ, ਜੋ ਆਪਣੇ ਪ੍ਰੀਤਮ ਦੇ ਸ਼ੁਧ ਪ੍ਰੇਮ ਵਿਚ ਮਗਨ ਹੈ, ਤੇ ਉਸ ਦੂਵੀ-ਭੂਤ ਹਿਰਦੇ ਵਾਲੀ ਪ੍ਰੇਮ ਸਰੂਪਤਾ ਵਿਚ ਰਸ ਮਾਣ ਰਿਹਾ ਹੈ ਆਪਣੇ ਅਵਿਛੜ ਵਿਛੜੇ ਪਿਆਰੇ ਗੁਰੂ ਦੀ ਯਾਦ ਲਗਨ ਤੇ ਚਰਣ ਸ਼ਰਣ ਵਿਚ ਵਿਆਪਤਾ ਦਾ। ਇਨ੍ਹਾਂ ਦਿਨਾਂ ਵਿਚ ਜੋ ਕੁਛ ਲਿਖਿਆ ਜਾ ਕੇ ਬਾਣੀ ਦਾ ਰੂਪ ਲੈਂਦਾ ਸੀ ਉਹ ਆਪਣੇ ਉੱਚੇ ਪਿਆਰ ਦੀ ਛੁਹ ਜਗਤ ਨੂੰ ਦਾਨ ਕਰਦਾ ਸੀ ਤੇ ਉਹ ਹੁਣ ਤਾਈ ਕਰ ਰਿਹਾ ਹੈ ਬਾਣੀ ਦੇ ਸਰੂਪ ਵਿਚ। ਯਥਾ :-

**ੴ ਸਤਿਗੁਰ ਪ੍ਰਸਾਦਿ॥**

**ਆਸਾ ਮਹਲਾ ੪ ਛੰਤ ਘਰੁ ੪॥ ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ॥ ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵਿੰਨਾ॥ ਗੁਰਮੁਖਿ ਰੰਗਿ ਚਲੂਲਿਆ ਮੇਰਾ ਮਨੁ ਤਨੋ ਭਿੰਨਾ॥ ਜਨੁ ਨਾਨਕੁ ਮੁਸਕਿ ਝਕੋਲਿਆ ਸਭੁ ਜਨਮੁ ਧਨੁ ਧੰਨਾ॥੧॥ ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ ਅਣੀਆ ਰਾਮ ਰਾਜੇ॥ ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ॥ ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ॥ ਜਨ ਨਾਨਕ ਸਤਿਗੁਰੁ ਮੇਲਿ ਹਰਿ ਜਗੁ ਦੁਤਰੁ ਤਰੀਆ॥੨॥ ਹਮ ਮੂਰਖ ਮੁਗਧ ਸਰਣਾਗਤੀ ਮਿਲੁ ਗੋਵਿੰਦ ਰੰਗਾ ਰਾਮ ਰਾਜੇ॥ ਗੁਰਿ ਪੂਰੈ ਹਰਿ ਪਾਇਆ ਹਰਿ ਭਗਤਿ ਇਕ ਮੰਗਾ॥ ਮੇਰਾ ਮਨੁ ਤਨੁ ਸਬਦਿ ਵਿਗਾਸਿਆ ਜਪਿ ਅਨਤ ਤਰੰਗਾ॥ ਮਿਲਿ ਸੰਤ ਜਨਾ ਹਰਿ ਪਾਇਆ ਨਾਨਕ ਸਤਿਸੰਗਾ॥੩॥ ਦੀਨ ਦਇਆਲ ਸੁਣਿ ਬੇਨਤੀ ਹਰਿ ਪ੍ਰਭ ਹਰਿ ਰਾਇਆ ਰਾਮਰਾਜੇ॥ ਹਉ ਮਾਗਉ ਸਰਣਿ ਹਰਿ ਨਾਮ ਕੀ ਹਰਿ ਹਰਿ ਮੁਖਿ ਪਾਇਆ॥ ਭਗਤਿ ਵਛਲੁ ਹਰਿ ਬਿਰਦੁ ਹੈ ਹਰਿ ਲਾਜ ਰਖਾਇਆ॥ ਜਨੁ ਨਾਨਕੁ ਸਰਣਾਗਤੀ ਹਰਿ ਨਾਮਿ ਤਰਾਇਆ॥੪॥੮॥੧੫॥**

(ਅੰਗ ੪੪੮)

ਗੁਰੂ ਜੀ ਤਾਂ ਐਉਂ ਪਰਮ ਗਜਾਨਵਾਨ ਹੁੰਦੇ ਹੋਏ ਸਾਂਈਂ ਚਰਨਾਂ ਤੋਂ ਕਦੇ ਨਾ ਵਿਛੜੇ ਹੋਏ, ਫਿਰ ਪ੍ਰੀਤ ਵਿਚ ਰਮੇ ਹੋਏ ਰਸ ਮਾਣ ਰਹੇ ਹਨ, ਪਰ ਬਾਹਰ ਸੰਗਤਾਂ ਵਜਾਕੁਲ ਹਨ। ਸੰਗਤਾਂ ਨਗਰੀ ਦੀਆਂ, ਸੰਗਤਾਂ ਡੱਲੇ ਦੀਆਂ, ਸੰਗਤਾਂ ਦਿਸਾਉਰਾਂ ਦੀਆਂ ਆਉਂਦੀਆਂ ਹਨ, ਦੀਵਾਨ ਸਜਦੇ ਹਨ, ਆਸਾ ਦੀ ਵਾਰ ਦਾ ਦੀਵਾਨ ਭਰਕੇ ਲਗਦਾ ਹੈ, ਰਬਾਬੀ ਕੀਰਤਨ ਸੁਹਣੇ ਤੋਂ ਸੁਹਣਾ ਕਰਦੇ ਹਨ, ਪਰ ਗੁਰਗਾਦੀ ਤੇ ਵਿਦਿਤ ਗੁਰੂ ਦੇ ਦਰਸ਼ਨ ਨਾ ਹੋਣ ਕਰਕੇ ਉਦਾਸ ਹੁੰਦੀਆਂ ਹਨ। ਸੰਗਤਾਂ ਪੁਛਦੀਆਂ ਹਨ ਤਾਂ ਪਤਾ ਲਗਦਾ ਹੈ ਕਿ ਆਪ ਜੀ ਬਾਹਰ ਨਹੀਂ ਆਉਂਦੇ ਆਪਣੇ ਰੰਗ ਟਿਕੇ ਰਹਿੰਦੇ ਹਨ ਤੇ ਰਸ ਮਗਨ ਰਹਿੰਦੇ ਹਨ। ਸਭ ਕੋਈ ਜਾ ਕੇ ਕੁਛ ਬਿਨੈ ਕਰਨੋਂ ਝਿਜਕਦਾ ਹੈ। ਜਦ ਇਹ ਦਸ਼ਾ ਵਧੇਰੇ ਪੀੜਾ ਵਾਲੀ ਹੋ ਗਈ ਤਾਂ ਇਕ ਦਿਨ ਹੇਠ ਲਿਖੇ ਮੁਖੀ ਮੁਖੀ ਸੱਜਣ ਸੈਨ ਤੇ ਸਿੱਖ ਬਾਵਲੀ ਸਾਹਿਬ ਵਿਚਾਰ ਲਈ ਇਕੱਠੇ ਹੋਏ :-

ਇਹ ਸਾਰੇ ਬੈਠਕੇ ਮਸਲਿਹਤਾਂ ਕਰਨ ਲਗੇ, ਛੇਕੜ ਇਹ ਫੈਸਲਾ ਹੋਇਆ ਕਿ ਸ੍ਰੀ ਮੋਹਰੀ ਜੀ ਤੇ ਬਾਬਾ ਬੁੱਢਾ ਜੀ ਅੰਦਰ ਜਾ ਹਾਜ਼ਰ ਹੋਣ ਤੇ ਸੰਗਤ ਵਲੋਂ ਤੇ ਹੁਣ ਵਾਲੇ ਸਾਰੇ ਜੁੜੇ ਸਜਣਾਂ ਵਲੋਂ ਤੇ ਆਪਣੀ ਵਲੋਂ ਅਰਜ਼ ਕਰਨ ਕਿ ਕ੍ਰਿਪਾਲ ਹੋ ਕੇ ਸੰਗਤਾਂ ਨੂੰ ਦਰਸ਼ਨ ਦਿਓ। ਮੋਹਰੀ ਜੀ ਨੇ ਦੋ ਤ੍ਰੈ ਸਿੱਖ ਹੋਰ ਨਾਲ ਲਏ ਤੇ ਬਾਬਾ ਬੁੱਢਾ ਜੀ ਵੀ ਨਾਲ ਟੁਰੇ; ਜਾਂ ਸ੍ਰੀ ਗੁਰੂ ਜੀ ਦੀ ਚਰਣ ਸ਼ਰਣ ਹਾਜ਼ਰ ਹੋਏ। ਸ੍ਰੀ ਮੋਹਰੀ ਜੀ ਨੇ ਅਰਜ਼ ਗੁਜ਼ਾਰੀ ਕਿ ਆਪ ਜੀ ਨਿਜਾਨੰਦ ਵਿਚ ਮਗਨ ਹੋ, ਮਗਨ ਰਹੋ; ਪਰ ਆਪ ਦਾ ਬਿਰਦ ਜਗਤ ਉਧਾਰਨ ਬੀ ਹੈ, ਪਿਤਾ ਗੁਰੂ ਜੀ ਨੇ ਸੰਗਤਾਂ ਦੀ ਸਪੁਰਦੀ ਸੌਂਪਣੀ ਆਪ ਨੂੰ ਕੀਤੀ ਸੀ। ਸੰਗਤਾਂ ਹੁਣ ਆਪ ਦੇ ਦਰਸ਼ਨ ਤੇ ਅਗੁਵਾਨੀ ਬਿਨਾਂ ਵਜਾਕੁਲ ਹਨ। ਆਪ ਜਿਸ ਪਜਾਰੇ ਦੇ ਪ੍ਰੇਮ ਵਿਚ -ਥਰਹਰੀ ਵਾਲੇ ਪ੍ਰੇਮ ਵਿਚ-ਬੈਠੇ ਹੋ, ਉਸੇ ਗੁਰੂ ਦੀਆਂ ਪਿਆਰੀਆਂ ਸੰਗਤਾਂ ਆਪ ਦੇ ਬਿਰਹੇ ਵਿਚ ਵਜਾਕੁਲ ਹਨ। ਉਸੇ ਗੁਰੂ ਦੇ ਪ੍ਰੇਮ ਦੀ ਖਾਤਰ ਗੁਰੂ ਦੀਆਂ ਪਿਆਰੀਆਂ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰੋ। ਅਸੀਂ ਆਪ ਦੇ ਪਾਸ ਸੰਗਤਾਂ ਦੀ ਅਰਦਾਸ ਲੈ ਕੇ ਹਾਜ਼ਰ ਹੋਏ ਹਾਂ। ਇਹ ਸੁਣਕੇ ਆਪ ਦੇ ਬਿਰਹ ਪ੍ਰਵੇਧੇ ਮਨ ਵਿਚ ਹੋਰ ਕਸਕ ਉਠੀ ਕਿ ਸਤਿਗੁਰ ਦਾ ਹੁਕਮ ਸੰਗਤਾਂ ਨੂੰ ਤਾਰਨ ਦਾ ਸੀ, ਇਹ ਨਾ ਪਾਲਣਾ ਉਨ੍ਹਾਂ ਦੇ ਪ੍ਰੇਮ ਵਿਚ ਕਿਵੇਂ ਜਚੇ। ਸਭ ਚੋਟਾਂ ਸਹਾਰੀਆਂ ਜਾਂਦੀਆਂ ਹਨ, ਪਰ ਸ਼ਬਦ (=ਹੁਕਮ ਦੀ) ਚੋਟ ਸਹਾਰਨੀ ਪ੍ਰੇਮ ਦਾ ਅੰਗ ਹੈ। ਆਪ ਨੇ ਦੂਵੇ ਮਨ ਤੇ ਦੂਵੀ ਸੁਰ ਵਿਚ ਕਿਹਾ-

**ਆਵਹੁ ਭੈਣੇ ਤੁਸੀ ਮਿਲਹੁ ਪਿਆਰੀਆ॥ ਜੋ ਮੇਰਾ ਪ੍ਰੀਤਮੁ ਦਸੇ ਤਿਸਕੈ ਹਉ ਵਾਰੀਆ॥ ਮਿਲਿ ਸਤਸੰਗਤਿ ਲਧਾ ਹਰਿ ਸਜਣੁ ਹਉ ਸਤਿਗੁਰ ਵਿਟਹੁ ਘੁਮਾਈਆ ਜੀਉ॥੧॥**

(ਮਾਝ ਮ: ੪)

ਇਹ ਕਹਿੰਦੇ ਉਠ ਖੜੇ ਹੋਏ; ਅਵਾਜ਼ ਆ ਰਹੀ ਸੀ, ਸਤਿਗੁਰ ਦਾ ਹੁਕਮ, ਸੰਗਤ ਦੀ ਖੁਸ਼ੀ, ਸਿਰ ਮੱਥੇ ਤੇ।

ਭਾਈ ਬੁੱਢਾ ਜੀ ਨੇ ਖਬੇ ਪਾਸਿਓਂ ਤੇ ਮੋਹਰੀ ਜੀ ਨੇ ਫਿਰ ਸਜੇ ਪਾਸਿਓਂ ਬਾਂਹ ਫੜ ਲਈ ਤੇ ਬਾਕੀ ਦੇ ਤ੍ਰੈ ਸਿੱਖ ਮਗਰ ਹੋ ਲਏ। ਸਨੇ ਸਨੇ ਆਪ ਜੀ ਨੂੰ ਦੀਵਾਨ ਅਸਥਾਨ ਲੈ ਆਏ, ਜਿਥੇ ਚਾਤ੍ਰਿਕ ਸਿੱਖਾਂ ਦੀਆਂ ਡਾਰਾਂ ਦੀਆਂ ਡਾਰਾਂ ਅਤੇ ਪਪੀਹੇ ਵਤ ਤਰਸਦੀਆਂ ਸੰਗਤਾਂ ਦੀਆਂ ਕਤਾਰਾਂ ਰਾਹ ਤੱਕ ਰਹੀਆਂ ਸਨ। ਮੋਹਰੀ ਜੀ ਨੇ, ਬੁੱਢਾ ਜੀ ਨੇ ਆਪ ਨੂੰ ਲਿਆਕੇ ਗੁਰਗਾਦੀ ਪਰ ਬਿਰਾਜਮਾਨ ਹੋਣ ਲਈ ਕਿਹਾ; ਗੁਰਗਾਦੀ ਵੇਖੀ, ਨੈਣ ਉਛਲ ਪਏ। 'ਇਹ ਉਹੋ ਗਾਦੀ ਹੈ ਜਿਸ ਤੇ ਮੇਰੇ ਪ੍ਰੀਤਮ ਬੈਠਦੇ ਸਨ, ਮੈਂ ਇੰਞ ਬਰਾਬਰੀ ਕਰਾਂ! ਇਹ ਗਦੀ!......ਹੇ ਗਦੀ, ਤੂੰ ਆਪਣੇ ਸੁਹਣੇ ਤੋਂ ਸਖਣੀ ਕਦੇ ਨਾ ਹੁੰਦੀ।' ਆਪ ਦੇ ਨੈਣ ਭਰਦੇ ਡੁਲ੍ਹਦੇ ਦੇਖ ਕੇ ਭਾਈ ਬੁੱਢਾ ਤੇ ਮੋਹਰੀ ਜੀ ਨੇ ਬਾਹਾਂ ਤੋਂ ਫੜ ਕੇ ਗੱਦੀ ਤੇ ਬਹਾਲ ਦਿੱਤਾ ਤੇ ਸਗਤਾਂ ਡੰਡੌਤਾਂ ਵਿਚ ਪੈ ਗਈਆਂ। ਸੁਹਣੇ ਪ੍ਰੇਮ-ਅਗੰਮੀ ਪ੍ਰੇਮ-ਦੀ ਮੂਰਤੀ ਸ੍ਰੀ ਗੁਰੂ ਜੀ ਬੈਠ ਤਾਂ ਗਏ, ਪਰ ਸਾਰੀ ਸੰਗਤ ਦਾ ਸਮਾਜ ਦੇਖਕੇ ਅੰਤਰ ਆਤਮੇ ਫੇਰ ਵੈਰਾਗ ਵਿਚ ਹੋ ਗਏ। ਪਜਾਰੇ ਗੁਰੂ ਜੀ ਦਾ ਸੰਗਤਾਂ ਵਿਚ ਬੈਠੇ ਹੋਣਾ ਤੇ ਆਪ ਸੇਵਾ ਵਿਚ ਹਾਜ਼ਰ ਰਹਿਕੇ ਦਰਸ਼ਨ ਮਾਤ੍ਰ ਨਾਲ ਗਦ ਗਦ ਹੁੰਦੇ ਰਹਿਣਾ ਯਾਦ ਆ ਗਿਆ। ਵਾਹਿਗੁਰੂ ਤੇ ਗੁਰੂ ਬਿਰਹਾ ਹੱਥ ਬੰਨ੍ਹ ਆ ਖਲੋਤਾ। ਇਸ ਤਰ੍ਹਾਂ ਦੇ ਭਿੱਜੇ ਪ੍ਰਭਾਵ ਵਿਚ ਨੈਣ ਬੰਦ ਹੋ ਗਏ, ਪਰ ਦੈਵੀ ਗਲਾ ਖੁੱਲ੍ਹ ਪਿਆ, ਮਧੁਰ ਧੁਨਿ ਉਠੀ ਮਾਝ ਦੀ ਤੇ ਉਚਾਰ ਹੋਇਆ ਅਤਿ ਸੁਰੀਲੀ ਸੁਰ ਵਿਚ :-

**ਮਾਝ ਮਹਲਾ ੪॥ ਹਰਿ ਜਨ ਸੰਤ ਮਿਲਹੁ ਮੇਰੇ ਭਾਈ॥ ਮੇਰਾ ਹਰਿ ਪ੍ਰਭੁ ਦਸਹੁ ਮੈ ਭੁਖ ਲਗਾਈ॥ ਮੇਰੀ ਸਰਧਾ ਪੂਰਿ ਜਗਜੀਵਨ ਦਾਤੇ ਮਿਲਿ ਹਰਿ ਦਰਸਨਿ ਮਨੁ ਭੀਜੈ ਜੀਉ॥੧॥ ਮਿਲਿ ਸਤਸੰਗਿ ਬੋਲੀ ਹਰਿ ਬਾਣੀ॥ ਹਰਿ ਹਰਿ ਕਥਾ ਮੇਰੈ ਮਨਿ ਭਾਣੀ॥ ਹਰਿ ਹਰਿ ਅੰਮ੍ਰਿਤੁ ਹਰਿ ਮਨਿ ਭਾਵੈ ਮਿਲਿ ਸਤਿਗੁਰ ਅੰਮ੍ਰਿਤੁ ਪੀਜੈ ਜੀਉ॥੨॥ ਵਡਭਾਗੀ ਹਰਿ ਸੰਗਤਿ ਪਾਵਹਿ॥ ਭਾਗਹੀਨ ਭ੍ਰਮਿ ਚੋਟਾ ਖਾਵਹਿ॥ ਬਿਨੁ ਭਾਗਾ ਸਤਿਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ॥੩॥ ਮੈ ਆਇ ਮਿਲਹੁ ਜਗਜੀਵਨ ਪਿਆਰੇ॥ ਹਰਿ ਹਰਿ ਨਾਮੁ ਦਇਆ ਮਨਿ ਧਾਰੇ॥ ਗੁਰਮਤਿ ਨਾਮੁ ਮੀਠਾ ਮਨਿ ਭਾਇਆ ਜਨ ਨਾਨਕ ਨਾਮਿ ਮਨੁ ਭੀਜੈ ਜੀਉ॥੪॥੪॥**

(ਬਾਕੀ ਪੰਨਾ 11 'ਤੇ)

# ਲਾਵਾਂ : ਬਾਣੀ ਰੂਪ ਤੇ ਵਿਵੇਚਨ

❖ ਰਵਿੰਦਰ ਕੌਰ ਚਹਿਲ

'ਲਾਵ' ਸ਼ਬਦ ਦਾ ਅਰਥ ਹੈ ਤੋੜਨਾ, ਵਿਆਹ ਵੇਲੇ ਲੜਕੀ ਦਾ ਆਪਣੇ ਪਿਤਾ-ਪੁਰਖੀ ਸੰਬੰਧਾਂ ਨੂੰ ਤੋੜ ਕੇ ਸਹੁਰੇ ਪਰਿਵਾਰ ਨਾਲ ਰਿਸ਼ਤਾ ਜੁੜਦਾ ਹੈ। ਇਸ ਲਈ ਵਿਆਹ ਹਿੱਤ ਗਾਈ ਜਾਣ ਵਾਲੀ ਗੁਰਬਾਣੀ ਨੂੰ ਲਾਵਾਂ ਸ਼ਬਦ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ। ਇਹ ਸ਼ਬਦ ਸਿੱਖ ਸਭਿਆਚਾਰ ਦੇ ਸੰਦਰਭ ਵਿਚ ਸੰਕਲਪਮੁਖੀ ਅਰਥ ਗ੍ਰਹਿਣ ਕਰਦਾ ਹੈ। ਸਿੱਖ ਧਰਮ ਜੀਵਨ ਦੇ ਹਰ ਖੇਤਰ ਲਈ ਨਵਾਂ ਤੇ ਸਮਾਨ-ਅੰਤਰ ਸਭਿਆਚਾਰ ਉਸਾਰ ਰਿਹਾ ਸੀ। ਸੋ ਇਸ ਨੇ ਵਿਆਹ ਦੀਆਂ ਰਸਮਾਂ ਵਾਸਤੇ ਵੀ ਵਿਲੱਖਣ ਰਸਮ ਬਣਾਈ, ਜਿਹੜੀ ਇਸ ਨੂੰ ਖ਼ਾਸ ਕਰਕੇ ਹਿੰਦੂ ਤੇ ਮੁਸਲਿਮ ਧਾਰਮਿਕ ਸਭਿਆਚਾਰ ਤੋਂ ਭਿੰਨ ਪਛਾਣ ਪ੍ਰਦਾਨ ਕਰਵਾਉਂਦੀ ਸੀ।

ਗੁਰੂ ਸਾਹਿਬਾਨ ਨੇ ਸੂਹੀ ਰਾਗ ਵਿਚ ਲਾਵਾਂ ਦੇ ਚਾਰ ਸ਼ਬਦ ਰਚ ਕੇ ਇਸ ਰਸਮ ਨੂੰ ਦੁਨਿਆਵੀ ਅਰਥਾਂ ਤੋਂ ਪਾਰ ਅਧਿਆਤਮਿਕ ਪਸਾਰ ਬਖ਼ਸ਼ ਦਿੱਤਾ। ਇਹ ਰਿਸ਼ਤਾ ਕਾਇਆ ਤੱਕ ਸੀਮਿਤ ਨਾ ਰਹਿ ਕੇ ਆਤਮਾ ਦੇ ਮਾਧਿਅਮ ਰਾਹੀਂ ਪ੍ਰਮਾਤਮਾ ਤੱਕ ਪਹੁੰਚਣ ਦੇ ਮਾਰਗ ਦਾ ਰੂਪ ਧਾਰ ਗਿਆ। ਵਿਆਹ ਦੇ ਦੁਨਿਆਵੀ ਜਾਂ ਦੇਹੀ ਸੰਬੰਧਾਂ ਦੇ ਸਰੀਰਿਕ ਰਸ ਤੋਂ ਪ੍ਰਾਪਤ ਹੋਣ ਵਾਲੇ ਅਨੰਦ ਨੇ ਆਤਮਿਕ ਅਨੰਦ ਦੀ ਥਾਂ ਲੈ ਲਈ। ਵਿਆਹ ਦੀ ਰਸਮ ਦੇ ਇਹ ਅਰਥ ਗੁਰੂ ਸਾਹਿਬਾਨ ਵੱਲੋਂ ਲਾਵਾਂ ਦੇ ਰਾਗਾਤਮਿਕ ਗਾਇਨ ਨਾਲ ਦਾਰਸ਼ਨਿਕ ਮਹੱਤਵ ਧਾਰ ਗਏ। ਵਿਆਹ ਦੋ ਰੂਹਾਂ/ਪ੍ਰਾਣੀਆਂ ਦਾ ਸਰੀਰਕ ਮੇਲ ਨਾ ਰਹਿ ਕੇ ਆਤਮਾ ਤੇ ਪਰਮਾਤਮਾ ਦਾ ਮਿਲਨ ਹੋ ਗਿਆ। ਮਿਲਨ ਅਨੰਦ-ਦਾਇਕ ਹੁੰਦਾ ਹੈ। ਇਸ ਲਈ ਮਿਲਨ ਦੀ ਸਾਰੀ ਰਸਮ-ਵਿਧੀ ਅਨੰਦ-ਕਾਰਜ ਦੇ ਸ਼ਬਦ ਨਾਲ ਪਰਿਭਾਸ਼ਿਤ ਕੀਤੀ ਗਈ। ਗੁਰਬਾਣੀ ਨੇ ਇਸ ਨੂੰ ਖੇੜਾ ਬਖ਼ਸ਼ ਦਿੱਤਾ। ਇਹ ਰਸਮ ਪ੍ਰਾਣੀ ਦੇ ਜੀਵਨ ਅੰਦਰ ਖ਼ੁਸ਼ੀਆਂ ਦਾ ਸਿਖ਼ਰ ਬਣ ਪ੍ਰਵੇਸ਼ ਕਰਦੀ ਹੈ। ਚਾਓ ਦੇ ਵਾਤਾਵਰਨ ਅੰਦਰ ਵਿਆਹ ਦੇ ਗੀਤ ਆਪਣੀ ਖ਼ਾਸ ਮਹੱਤਤਾ ਰੱਖਦੇ ਹਨ। ਇਹਨਾਂ ਗੀਤਾਂ ਦੀ ਪਰੰਪਰਾ ਬਹੁਤ ਪੁਰਾਣੀ ਹੈ। ਇਹ ਗੀਤ ਵਿਲੱਖਣ ਪਹਿਚਾਣ ਸਥਾਪਿਤ ਕਰ ਗਏ ਹਨ। ਇਹਨਾਂ ਦਾ ਭਾਵ ਅਨੰਦ ਵਾਲਾ ਹੈ। ਇਸ ਭਾਵ ਨੇ ਇਹਨਾਂ ਨੂੰ ਇਕ ਵੱਖਰਾ ਕਾਵਿ-ਰੂਪ/ਗੀਤ-ਰੂਪ ਪ੍ਰਦਾਨ ਕਰਵਾ ਦਿੱਤਾ ਹੈ। ਲੋਕ-ਕਾਵਿ ਪਰੰਪਰਾ ਵਿਚ ਇਹ ਸੁਤੰਤਰ ਹਸਤੀ ਦੇ ਮਾਲਕ ਹਨ। ਇਹਨਾਂ ਬਾਰੇ ਇਹ ਧਾਰਨਾ ਪ੍ਰਚਲਿਤ ਹੈ, "ਪੰਜਾਬੀ ਲੋਕ-ਕਾਵਿ ਪਰੰਪਰਾ ਵਿਚ ਬਹੁਤ ਸਾਰੇ ਅਜਿਹੇ ਕਾਵਿ-ਰੂਪ ਹਨ, ਜਿਹੜੇ ਬਾਅਦ ਵਿਚ ਵਿਸ਼ਿਸ਼ਟ ਕਾਵਿ ਪਰੰਪਰਾ ਵਿਚ ਬਦਲਵੇਂ ਰੂਪ ਵਿਚ ਅਪਨਾਏ ਗਏ ਹਨ। ਇਹਨਾਂ ਕਾਵਿ-ਰੂਪਾਂ ਵਿਚ ਲਾਵਾਂ, ਛੰਦ, ਵਾਰਾਂ, ਸੋਹਲੇ, ਕੀਰਨੇ, ਅਲਾਹੁਣੀਆਂ, ਸਤਵਾਰਾ ਅਤੇ ਬਾਰਾਮਾਂਹ ਆਦਿ ਆਉਂਦੇ ਹਨ। ਪੰਜਾਬੀ ਲੋਕ-ਕਾਵਿ ਪਰੰਪਰਾ ਵਿਚ ਲਾਵਾਂ ਇਕ ਸੁਤੰਤਰ ਗੀਤ-ਰੂਪ ਹੈ। ਇਹ ਗੀਤ-ਰੂਪ ਬੇਦੀ ਗੱਡਣ ਉਪਰੰਤ ਲਾੜੇ ਦੇ ਲਾਵਾਂ ਲੈਣ ਸਮੇਂ ਉਚਾਰਿਆ ਜਾਂਦਾ ਹੈ। ਚਾਰੇ ਲਾਵਾਂ ਅਨੁਸਾਰ ਇਸ ਗੀਤ ਰੂਪ ਦੇ ਚਾਰ ਬੰਦ ਹਨ, ਜਿਹਨਾਂ ਵਿਚ ਮਨੁੱਖੀ ਜੀਵਨ ਬਾਰੇ ਲੋਕ-ਦਰਸ਼ਨ ਦੀ ਦ੍ਰਿਸ਼ਟੀ ਤੋਂ ਵਿਆਪਕ ਟਿੱਪਣੀ ਕੀਤੀ ਜਾਂਦੀ ਹੈ। ਗੁਰੂ ਸਾਹਿਬਾਨ ਨੇ ਬਾਕੀ ਲੋਕ-ਕਾਵਿ ਰੂਪਾਂ ਨੂੰ ਆਪਣੀ ਸਿਰਜਣਾ ਲਈ ਮਾਧਿਅਮ ਬਣਾਇਆ, ਉਸੇ ਤਰ੍ਹਾਂ ਲਾਵਾਂ ਦਾ ਵੀ ਪ੍ਰਯੋਗ ਕੀਤਾ ਹੈ।" (**ਪੰਜਾਬੀ ਸਾਹਿਤ ਕੋਸ਼**, ਭਾਗ 3, ਪੰਨਾ 303)

ਇਸ ਤਰ੍ਹਾਂ ਲਾਵਾਂ ਸਿੱਖ-ਸਭਿਆਚਾਰ ਅੰਦਰ ਇਕ ਸੁਤੰਤਰ ਬਾਣੀ ਰੂਪ ਵਜੋਂ ਮਾਨਤਾ ਹਾਸਲ ਕਰ ਗਈਆਂ ਹਨ। ਇਹਨਾਂ ਸ਼ਬਦਾਂ ਦੀ ਗਿਣਤੀ ਚਾਰ ਹੈ। ਇਹਨਾਂ ਸ਼ਬਦਾਂ ਨੂੰ ਗੁਰੂ ਰਾਮਦਾਸ ਜੀ ਨੇ ਉਚਾਰਿਆ ਸੀ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ 'ਰਾਗ ਸੂਹੀ' ਸਿਰਲੇਖ ਹੇਠ ਦਰਜ ਹਨ। ਇਹਨਾਂ ਦੇ ਉਚਾਰਨ ਬਾਰੇ ਸਿੱਖ-ਜਗਤ ਵਿਚ ਸਾਖੀ ਪ੍ਰਚਲਿਤ ਹੈ ਕਿ ਗੁਰੂ ਰਾਮਦਾਸ ਜੀ ਦੀ ਹਜ਼ੂਰੀ ਵਿਚ ਅੰਮ੍ਰਿਤਸਰ ਵਿਖੇ ਇਕ ਸਿੱਖ ਨੇ ਬੇਨਤੀ ਕੀਤੀ, "ਗੁਰੂ ਜੀ ਮੇਰੀ ਲੜਕੀ ਦੀ ਸ਼ਾਦੀ ਹੈ, ਮੈਂ ਗ਼ਰੀਬ ਹਾਂ। ਮੇਰੇ ਕੋਲੋਂ ਪੰਡਤ 25 ਰੁ. ਲੈ ਕੇ ਵਿਆਹ ਕਰਾਉਣ ਲਈ ਮੰਗ ਗਿਆ ਸੀ ਤੇ ਹੁਣ ਜਦੋਂ ਲਗਨ ਦਾ ਸਮਾਂ ਆ ਗਿਆ ਹੈ ਤਾਂ ਉਹ 50 ਰੁ. ਮੰਗਦਾ ਹੈ, ਜੋ ਮੈਂ ਨਹੀਂ ਦੇ ਸਕਦਾ।" ਗੁਰੂ ਰਾਮਦਾਸ ਜੀ ਵੈਰਾਗ ਵਿਚ ਆ ਗਏ, ਉਹਨਾਂ ਨੇ ਬਰਾਤੀਆਂ ਤੇ ਲੜਕੀ ਵਾਲਿਆਂ ਨੂੰ ਬੁਲਾਇਆ। ਗੁਰੂ ਨੇ ਚਾਰ ਲਾਵਾਂ ਉਚਾਰ ਕੇ ਦੁਖ-ਭੰਜਨੀ ਬੇਰੀ ਹੇਠ ਲੜਕੀ ਦੇ ਵਿਆਹ ਦੀ ਰਸਮ ਅਦਾ ਕੀਤੀ ਅਤੇ ਨਾਲ ਹੀ ਸਿੱਖਾਂ ਨੂੰ ਆਦੇਸ਼ ਦਿੱਤਾ ਕਿ ਅੱਗੋਂ ਤੋਂ ਸਿੱਖ-ਪਰਿਵਾਰ ਵਿਚ ਵਿਆਹ ਦੀ ਰਸਮ ਲਈ ਪੰਡਤ ਨੂੰ ਨਾ ਲਿਆਂਦਾ ਜਾਵੇ। ਵਿਆਹ ਦੀ ਰਸਮ ਸਾਦਾ ਢੰਗ ਨਾਲ ਲਾਵਾਂ ਉਚਾਰ ਕੇ ਸੰਪੂਰਨ ਕੀਤੀ ਜਾਵੇ। ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਸਿੱਖ ਸਮਾਜ ਅੰਦਰ ਵਿਆਹ ਦੀ ਰਸਮ ਅਦਾ ਕਰਨ ਲਈ ਸਮਾਨ-ਅੰਤਰ ਸਭਿਆਚਾਰ ਦੀ ਸਿਰਜਣਾ ਕੀਤੀ ਜਿਸ ਵਾਸਤੇ ਲਾਵਾਂ ਦੇ ਚਾਰ ਸ਼ਬਦਾਂ ਦਾ ਉਚਾਰਨ ਹੋਇਆ।

ਸਿੱਖ ਸਮਾਜ ਤੇ ਪੰਜਾਬੀ ਸਾਹਿਤ ਅੰਦਰ ਇਹ ਸ਼ਬਦ ਸੁਤੰਤਰ ਬਾਣੀ ਰੂਪ ਵਜੋਂ ਪ੍ਰਵਾਨਿਤ ਹੋ ਚੁੱਕੇ ਹਨ। ਪੰਜਾਬੀ ਸਮਾਜ ਦੇ ਸਿੱਖ ਭਾਈਚਾਰੇ ਦੀ ਵਿਆਹ ਰਸਮ ਦਾ ਇਹ ਅਟੁੱਟ ਅੰਗ ਹਨ। ਇਹਨਾਂ ਸ਼ਬਦਾਂ ਦਾ ਮੂਲ ਪਾਠ ਤੇ ਅਰਥ ਹੇਠ ਲਿਖੇ ਅਨੁਸਾਰ ਹੈ :

**ਸੂਹੀ ਮਹਲਾ ੪ ॥**

**ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿਰਾਮ ਜੀਉ॥**
**ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿਰਾਮ ਜੀਉ॥**
**ਧਰਮੁ ਦ੍ਰਿੜਹੁ ਹਰਿਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ॥**
**ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ॥**
**ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ॥**
**ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ॥੧॥**

ਪ੍ਰਾਣੀ ਵੱਲੋਂ ਆਪਣੇ ਹਿਰਦੇ ਅੰਦਰ ਪ੍ਰਭੂ-ਪਤੀ ਦਾ ਨਾਮ ਜਪਣ ਦਾ ਨਿਸ਼ਚਾ ਕਰਨਾ ਪ੍ਰਭੂ-ਮਿਲਾਪ ਲਈ ਪੁੱਟਿਆ ਪਹਿਲਾ ਕਦਮ ਹੈ, ਜਿਸ ਨੂੰ ਪਹਿਲੀ ਲਾਵ ਆਖਿਆ ਜਾਂਦਾ ਹੈ। ਇਸ ਅਵਸਥਾ ਦਾ ਮੁੱਖ ਜ਼ੋਰ ਨਿਸ਼ਚਾ ਕਰਨ ਉੱਤੇ ਹੈ। ਪ੍ਰਾਣੀ ਆਪਣੇ ਮਨ ਅੰਦਰ ਧਾਰਨਾ ਪੱਕੀ ਕਰਦਾ ਹੈ ਕਿ ਉਸ ਨੇ ਪ੍ਰਭੂ ਨੂੰ ਪਾਉਣਾ ਹੈ ਜਦੋਂ ਇਹ ਵਿਚਾਰ ਮਨ ਅੰਦਰ ਟਿਕ ਜਾਂਦਾ ਹੈ ਤਾਂ ਪ੍ਰਾਪਤ ਕਰਨ ਵਾਲੇ ਲਕਸ਼ ਪ੍ਰਤੀ ਪ੍ਰਾਣੀ

ਦੇ ਦਿਲ ਅੰਦਰ ਸਿਫ਼ਤ ਜਾਗਦੀ ਹੈ। ਪ੍ਰੇਮ ਉਤਪੰਨ ਹੁੰਦਾ ਹੈ, ਉਹ ਪਾਉਣ ਲਈ ਸਫ਼ਰ ਅਰੰਭ ਕਰਦਾ ਹੈ। ਮਿਲਾਪ ਦੀ ਇਹ ਪਹਿਲੀ ਅਵਸਥਾ ਹੈ। ਸੰਸਾਰ ਨਾਲੋਂ ਟੁੱਟਣ ਦਾ ਇਹ ਪਹਿਲਾ ਚਰਨ ਹੈ। ਜਿਸ ਨੂੰ ਪਹਿਲੀ ਲਾਵ ਆਖਿਆ ਗਿਆ ਹੈ।

**ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿਰਾਮ ਜੀਉ॥**
**ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿਰਾਮ ਜੀਉ॥**
**ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ॥**
**ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ॥**
**ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ॥**
**ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ॥੨॥**

ਜਦੋਂ ਪ੍ਰਾਣੀ ਦਾ ਨਿਸ਼ਚਾ ਪੱਕਾ ਹੋ ਜਾਂਦਾ ਹੈ ਤਾਂ ਉਸ ਦਾ ਹਿਰਦਾ ਨਿਰਭਉ ਅਰਥਾਤ ਡਰ ਰਹਿਤ ਹੋ ਜਾਂਦਾ ਹੈ। ਇਸ ਦੂਜੀ ਅਵਸਥਾ ਅਧੀਨ ਪ੍ਰਭੂ ਮਿਲਾਪ ਹਿੱਤ ਪ੍ਰਾਣੀ ਦਾ ਮਨ ਹਉਮੈ ਰਹਿਤ ਹੋ ਜਾਂਦਾ ਹੈ ਅਰਥਾਤ ਆਪਣੀ ਹੋਂਦ ਤਿਆਗ ਕੇ ਪ੍ਰਭੂ ਵਿਚ ਲੀਨ ਹੋਣ ਲਈ ਅਗਲਾ ਕਦਮ ਪੁੱਟਦਾ ਹੈ। ਇਸ ਅਵਸਥਾ ਦੀ ਮੁੱਖ ਟੇਕ ਦੋ ਸ਼ਬਦ 'ਨਿਰਭਉ' ਹੋ ਜਾਣ ਕਰਕੇ 'ਹਉਮੈ' ਤਿਆਗਣ ਨਾਲ ਜੁੜੀ ਹੋਈ ਹੈ। ਪ੍ਰਾਣੀ ਪ੍ਰਭੂ ਮਿਲਾਪ ਦੇ ਮਾਰਗ ਉੱਤੇ ਪੂਰੀ ਇਕਾਗਰਤਾ ਨਾਲ ਅੱਗੇ ਵੱਧਦਾ ਹੈ। ਸੰਸਾਰ ਨਾਲੋਂ ਨਾਤਾ ਤੋੜਨ ਦਾ ਇਹ ਦੂਜਾ ਚਰਨ ਹੈ, ਜਿਸ ਨੂੰ ਦੂਜੀ ਲਾਵ ਆਖਿਆ ਗਿਆ ਹੈ।

**ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿਰਾਮ ਜੀਉ॥**
**ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿਰਾਮ ਜੀਉ॥**
**ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ॥**
**ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ॥**
**ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ॥**
**ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ॥੩॥**

ਆਪਣੇ-ਆਪ ਨੂੰ ਪ੍ਰਭੂ ਅੰਦਰ ਲੀਨ ਕਰਨ ਲਈ ਦ੍ਰਿੜ੍ਹ ਨਿਸ਼ਚਾ ਧਾਰ ਆਪਣੀ ਹੋਂਦ ਛੱਡ ਨਿਡਰ ਹੋ ਤੁਰੇ ਪ੍ਰਾਣੀ ਦਾ ਹਿਰਦਾ ਵਿਰਾਗਮਈ ਹੋ ਜਾਂਦਾ ਹੈ। ਉਸ ਅੰਦਰ ਮਿਲਾਪ ਦੀ ਤਾਂਘ ਆਪਣੇ ਪੂਰੇ ਜੋਬਨ ਉੱਤੇ ਆ ਜਾਂਦੀ ਹੈ। ਮਿਲਾਪ ਦੀ ਤੀਬਰਤਾ ਕਾਰਨ ਉਸ ਦੇ ਦਿਲ ਅੰਦਰ ਪਿਆਰੇ ਦੀ ਸਿਫ਼ਤ-ਸਲਾਹ ਦੀ ਲਹਿਰ ਚਲ ਪੈਂਦੀ ਹੈ। ਪ੍ਰਭੂ ਮਿਲਾਪ ਵੱਲ ਤੁਰੇ ਪ੍ਰਾਣੀ ਦੀ ਇਹ ਤੀਜੀ ਅਵਸਥਾ ਹੈ। ਇਸ ਅਧੀਨ ਉਹ ਸਿਰਫ਼ ਪ੍ਰਭੂ ਪਿਆਰ ਦੇ ਗੀਤ ਹੀ ਗਾਉਂਦਾ ਹੈ। ਉਸ ਦੀ ਸਿਫ਼ਤ ਅੰਦਰ ਖੋ ਜਾਂਦਾ ਹੈ। ਉਸ ਦਾ ਹੀ ਨਾਮ ਜਪਦਾ ਹੈ, ਸਿਮਰਨ ਕਰਦਾ ਹੈ, ਦੁਨਿਆਵੀ ਰਿਸ਼ਤੇ ਤੋੜਨ ਦਾ ਇਹ ਤੀਜਾ ਚਰਨ ਹੈ। ਜਿਸ ਨੂੰ ਤੀਜੀ ਲਾਵ ਆਖਿਆ ਗਿਆ ਹੈ :

**ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿਰਾਮ ਜੀਉ॥ ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿਰਾਮ ਜੀਉ॥ ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ॥ ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿਨਾਮਿ ਵਜੀ ਵਾਧਾਈ॥ ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ॥ ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ॥੪॥੨॥**

ਪਿਆਰ ਦੇ ਰੰਗ ਵਿਚ ਰੰਗਿਆ ਪ੍ਰਾਣੀ ਪ੍ਰਭੂ ਦੀ ਸਿਫ਼ਤ ਦੇ ਗੀਤ ਗਾਉਂਦਾ-ਗਾਉਂਦਾ, ਉਸ 'ਇਕ' ਲਈ ਅਡੋਲ ਹੋ ਜਾਂਦਾ ਹੈ। ਉਸ ਦਾ ਮਨ ਇਕਾਗਰ ਹੋ ਸਹਿਜ-ਸੁਭਾਅ ਹੀ ਪ੍ਰਭੂ ਅੱਗੇ ਪੂਰਨ ਸਮਰਪਣ ਕਰ ਦਿੰਦਾ ਹੈ। ਇਸ ਦੇ ਨਾਲ ਹੀ ਪ੍ਰਾਣੀ ਪ੍ਰਭੂ ਮਿਲਾਪ ਨੂੰ ਪ੍ਰਾਪਤ ਹੋ ਅਨੰਦਮਈ ਅਵਸਥਾ ਵਿਚ ਪ੍ਰਵੇਸ਼ ਪਾ ਲੈਂਦਾ ਹੈ। ਉਸ ਦਾ ਇਹੋ ਲਕਸ਼ ਸੀ, ਜਿਸ ਨੂੰ ਉਹ ਪ੍ਰਾਪਤ ਕਰ ਲੈਂਦਾ ਹੈ। ਇਸ ਤਰ੍ਹਾਂ ਉਸ ਦਾ ਦੁਨਿਆਵੀ ਬੰਧਨਾਂ ਨਾਲੋਂ ਪੂਰੀ ਤਰ੍ਹਾਂ ਨਾਤਾ ਟੁੱਟ ਜਾਂਦਾ ਹੈ। ਇਹ ਪ੍ਰਭੂ ਮਿਲਾਪ ਦਾ ਚੌਥਾ ਤੇ ਆਖ਼ਰੀ ਚਰਨ ਹੈ, ਜਿਸ ਨੂੰ ਚੌਥੀ ਲਾਵ ਆਖਿਆ ਗਿਆ ਹੈ। ਮਿਲਾਪ ਦੀ ਇਸ ਅਵਸਥਾ ਅੰਦਰ ਹੀ ਉਹ ਪ੍ਰਭੂ ਅੰਦਰ ਅਭੇਦ ਹੋ ਜਾਂਦਾ ਹੈ।

ਉਹ ਪ੍ਰਭੂ ਪ੍ਰੇਮ ਵਿਚ ਲੀਨ ਹੋ ਜਾਂਦਾ ਹੈ, ਇਹੋ ਜਿਹੇ ਦਿਲ ਲਈ ਪ੍ਰਭੂ ਪਾਸ ਵੀ ਪ੍ਰੇਮ ਤੋਂ ਬਿਨਾ ਦੇਣ ਲਈ ਹੋਰ ਕੋਈ ਵਸਤੂ ਨਹੀਂ ਹੁੰਦੀ। ਉਹ ਪ੍ਰਾਣੀ ਜਿਹੜਾ ਪਹਿਲਾਂ ਪ੍ਰਭੂ ਨੂੰ ਪਿਆਰ ਕਰਦਾ ਸੀ, ਹੁਣ ਆਪਣੇ ਪ੍ਰੇਮ ਭਰੇ ਨਿਸ਼ਚੇ ਸਦਕਾ ਪ੍ਰਭੂ-ਪਿਆਰ ਦੀ ਬਖ਼ਸ਼ਸ਼ ਦਾ ਹੱਕਦਾਰ ਹੋ ਜਾਂਦਾ ਹੈ। ਪ੍ਰਭੂ ਉਸ ਨੂੰ ਆਪਣੇ ਹਿਰਦੇ ਅੰਦਰ ਨਿਵਾਸ ਹਿੱਤ ਪ੍ਰਵਾਨ ਕਰ ਲੈਂਦਾ ਹੈ। ਪ੍ਰਾਣੀ ਜਿਹੜਾ ਪਹਿਲਾਂ ਪ੍ਰਭੂ ਨੂੰ ਆਪਣੇ ਦਿਲ ਅੰਦਰ ਵਸਾਉਣ ਦੇ ਕਾਰਜ ਵਿਚ ਜੁਟਿਆ ਹੋਇਆ ਸੀ, ਆਪਣੇ ਪ੍ਰੇਮ ਦੀ ਤੀਬਰਤਾ ਕਾਰਨ ਹੁਣ ਪ੍ਰਭੂ ਉਸ ਨੂੰ ਆਪਣੇ ਹਿਰਦੇ ਅੰਦਰ ਟਿਕਾਉਣ ਦੇ ਅਨੰਦ-ਕਾਰਜ ਵਿਚ ਲੀਨ ਹੋ ਜਾਦਾ ਹੈ। ਪ੍ਰਾਣੀ ਪੂਰਨ ਰੂਪ ਵਿਚ ਸੰਸਾਰ ਨਾਲੋਂ ਸੰਬੰਧ-ਮੁਕਤ ਹੋ ਅਬਿਨਾਸੀ ਪ੍ਰਭੂ ਮਿਲਾਪ ਪ੍ਰਾਪਤ ਕਰ ਅਨੰਦੋ-ਅਨੰਦ ਅਰਥਾਤ ਧੰਨ ਹੋ ਜਾਂਦਾ ਹੈ। ਸਦੀਵੀ ਹੋਂਦ ਨਾਲ ਮਿਲਾਪ ਪ੍ਰਾਪਤ ਕਰਕੇ ਅਮਰ ਅਤੇ ਅਮੁੱਕ ਅਨੰਦ ਨੂੰ ਪਹੁੰਚ ਜਾਂਦਾ ਹੈ। ਪ੍ਰਾਣੀ ਸਦੀਵੀ ਰੂਪ ਵਿਚ ਪ੍ਰਭੂ ਨਾਲ ਵਿਆਹਿਆ ਜਾਂਦਾ ਹੈ। ਪ੍ਰਭੂ-ਪ੍ਰੇਮ ਦੇ ਬੰਧਨ ਵਿਚ ਬੰਨ੍ਹਿਆ ਜਾਂਦਾ ਹੈ।

ਇਸ ਤਰ੍ਹਾਂ ਇਹ ਚਾਰ ਲਾਵਾਂ ਸੰਸਾਰ ਸੰਬੰਧਾਂ ਦੇ ਟੁੱਟਣ ਦੇ ਚਾਰ ਚਰਨ ਹਨ, ਜਿਨ੍ਹਾਂ ਵਿੱਚੋਂ ਲੰਘ ਕੇ ਪ੍ਰਾਣੀ ਪ੍ਰਭੂ-ਪ੍ਰੇਮ ਵਿਚ ਸਦੀਵੀ ਰੂਪ ਵਿਚ ਰੰਗਿਆ ਜਾਂਦਾ ਹੈ। ਪ੍ਰੇਮ ਪ੍ਰਾਪਤੀ ਅਨੰਦਮਈ ਹੁੰਦੀ ਹੈ। ਇਸ ਲਈ ਇਹ ਸਾਰਾ ਕਾਰਜ ਅਨੰਦ ਸਰੂਪ ਹੈ, ਅਨੰਦ-ਕਾਰਜ ਹੈ।

ਇਹ ਕਾਰਜ ਦੋ ਪ੍ਰਾਣੀ, ਇਸਤਰੀ ਤੇ ਪੁਰਸ਼ ਮਿਲ ਕੇ ਕਰਦੇ ਹਨ। ਲਾਵਾਂ ਦਾ ਸੰਬੋਧਨ ਦੋਹਾਂ ਹਿੱਤ ਹੈ। ਦੋਹਾਂ ਦੇ ਮਿਲਾਪ ਨੇ ਇਕ-ਹੋਂਦ, ਇਕ-ਜੋਤ ਦਾ ਰੂਪ ਪਾਰ ਪ੍ਰਭੂ ਪਤੀ ਦੇ ਪ੍ਰੇਮ ਨੂੰ ਪਾਉਣਾ ਹੈ। ਇਸ ਰਿਸ਼ਤੇ ਦੀ ਸਥਾਪਤੀ ਪ੍ਰਭੂ ਪਤੀ ਦੇ ਪ੍ਰੇਮ ਦੀ ਪ੍ਰਾਪਤੀ ਨੂੰ ਸਹਿਲ ਤੇ ਸੁਦ੍ਰਿੜ੍ਹ ਬਣਾਉਂਦੀ ਹੈ। ਮਿਲਾਪ ਦੇ ਇਸ ਸੰਬੰਧ ਤੋਂ ਬਿਨਾ ਇਕੱਲੀ ਇਸਤਰੀ ਜਾਂ ਪੁਰਸ਼ ਪ੍ਰਭੂ ਨੂੰ ਨਹੀਂ ਪਹੁੰਚ ਸਕਦਾ। ਇਸ ਧਾਰਨਾ ਅਧੀਨ ਹੀ ਗੁਰਬਾਣੀ ਗ੍ਰਹਿਸਤ ਨੂੰ ਪੂਰਾ ਮਾਨ ਤੇ ਸਤਿਕਾਰ ਦਿੰਦੀ ਹੈ। ਪੂਰੇ ਆਤਮ ਵਿਸ਼ਵਾਸ ਨਾਲ ਕਮਾਇਆ ਗ੍ਰਹਿਸਤ ਪ੍ਰਭੂ ਪ੍ਰੇਮ ਦੇ ਹਾਸਲ ਦਾ ਜਾਮਨ ਹੈ। ਵਿਆਹ ਸੰਬੰਧ ਦੇ ਅੰਤਿਮ ਲਕਸ਼ ਦੀ ਸ਼ੁੱਧਤਾ ਤੇ ਉੱਚਤਾ ਕਾਰਨ ਗੁਰੂ ਸਾਹਿਬਾਨ ਨੇ ਇਸ ਰਸਮ ਨੂੰ ਪਵਿੱਤਰਤਾ ਦਾ ਦਰਜਾ ਬਖ਼ਸ਼ਿਆ ਹੈ। ਇਸ ਰਸਮ ਹਿੱਤ ਚਾਰ ਲਾਵਾਂ ਦੇ ਸ਼ਬਦਾਂ ਦਾ ਉਚਾਰਨ ਕਰਕੇ ਗੁਰੂ ਨੇ ਇਸ ਦੇ ਪਿਛੋਕੜ ਵਿਚ ਪਏ ਵਿਲੱਖਣ ਦਰਸ਼ਨ ਨੂੰ ਉਜਾਗਰ ਕੀਤਾ ਹੈ। ਇਸ ਰਸਮ ਵੇਲੇ ਗੁਰਬਾਣੀ ਦੇ ਅਨੰਦਮਈ ਸ਼ਬਦਾਂ ਦਾ ਗਾਇਨ ਇਸ ਨੂੰ ਹੋਰ ਵੀ ਚਾਉ ਵਾਲਾ ਵਾਤਾਵਰਨ ਬਖ਼ਸ਼ ਦਿੰਦਾ ਹੈ।

ਸਿੱਖ ਧਰਮ ਵਿਚ ਵਿਆਹ ਵੇਲੇ ਅਨੰਦ-ਕਾਰਜ ਦੀ ਰਸਮ ਲਈ ਗੁਰਬਾਣੀ ਦਾ ਰਾਗਾਤਮਿਕ ਗਾਇਨ ਹੁੰਦਾ ਹੈ ਤੇ ਵਿਆਹ-ਬੰਧਨ ਵਿਚ ਬੰਨ੍ਹੇ ਜਾਣ ਵਾਲੇ ਦੋਹਾਂ ਪ੍ਰਾਣੀਆਂ ਤੋਂ ਗੁਰਬਾਣੀ ਪ੍ਰਤੀ ਪ੍ਰਣ ਲਿਆ ਜਾਂਦਾ

ਹੈ। ਉਹ ਗੁਰਬਾਣੀ ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੁਆਲੇ ਪਰਿਕਰਮਾ ਕਰਦੇ ਹਨ। ਇਸ ਦਾ ਪ੍ਰਤੀਕਾਤਮਿਕ ਅਰਥ ਇਹ ਹੈ ਕਿ ਉਹਨਾਂ ਦੋਹਾਂ ਪ੍ਰਾਣੀਆਂ ਨੇ ਜੀਵਨ ਦਾ ਕੇਂਦਰ ਇਸ ਗ੍ਰੰਥ ਨੂੰ ਬਣਾਇਆ ਹੈ। ਉਹ ਇਸਨੂੰ ਆਧਾਰ-ਬਿੰਦੂ ਮੰਨ ਕੇ ਗਹਿਸਤ ਜੀਵਨ ਬਤੀਤ ਕਰਨਗੇ। ਇਸ ਤੋਂ ਬਿਨਾ ਹੋਰ ਕੋਈ ਜੀਵਨ ਟੇਕ ਉਹਨਾਂ ਨੂੰ ਅਨੰਦ ਪ੍ਰਾਪਤ ਨਹੀਂ ਕਰਵਾ ਸਕਦੀ। ਉਹ ਦੋਵੇਂ ਇਕ ਜੋਤ ਹੋ ਗਏ ਹਨ। ਉਹਨਾਂ ਨੇ ਪ੍ਰਭੂ ਨੂੰ ਪਤੀ ਧਾਰ ਕੇ ਪੂਰਨ ਸਮਰਪਣ ਕੀਤਾ ਹੈ ਤਾਂ ਜੋ ਪ੍ਰਭੂ-ਪ੍ਰੇਮ ਦੀ ਪ੍ਰਾਪਤੀ ਹੋ ਸਕੇ। ਉਹ ਦੋਵੇਂ ਪ੍ਰਾਣੀ ਬਿਨਾ ਕਿਸੇ ਲਿੰਗ ਭੇਦ ਦੇ ਇਕ ਹੋਂਦ, ਇਕ ਇਕਾਈ ਹੋ ਗਏ ਹਨ, ਉਹ ਪ੍ਰਭੂ ਨੂੰ ਪਤੀ ਸਵੀਕਾਰਦੇ ਹਨ ਤੇ ਉਸ ਦੀ ਨਦਰ ਵਿਚ ਪ੍ਰਵਾਨ ਹੋਣ ਹਿੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਓਟ ਲੈਂਦੇ ਹਨ ਅਰਥਾਤ ਇਸ ਨੂੰ ਆਪਣੇ ਜੀਵਨ ਦਾ ਆਧਾਰ ਬਣਾਉਂਦੇ ਹਨ। ਇਸ ਪੱਖ ਤੋਂ ਸਿੱਖ-ਚਿੰਤਨ ਇਸਤਰੀ ਤੇ ਪੁਰਸ਼ ਵਿਚਕਾਰ ਪਾਏ ਜਾਂਦੇ ਜੈਵਿਕ ਵਖਰੇਵੇਂ ਨੂੰ ਮੇਟ ਕੇ ਮਾਨਵਤਾ ਅੰਦਰ ਬਰਾਬਰਤਾ ਤੇ ਸਤਿਕਾਰ ਦੇ ਰਿਸ਼ਤੇ ਦੀ ਸਿਰਜਣਾ ਤੇ ਪਸਾਰ ਕਰਦਾ ਹੈ, ਤੇ ਇਸਤਰੀ ਦੀ ਹਸਤੀ ਤੇ ਵਿਆਹ-ਸੰਬੰਧੀ ਭਾਰਤੀ ਪਰੰਪਰਾ ਵਿਚ ਪਾਏ ਜਾਣ ਵਾਲੇ ਔਰਤ ਅਧੀਨਗੀ ਦੇ ਵਿਚਾਰ ਨੂੰ ਪਲਟ ਦਿੰਦਾ ਹੈ। ਇਸ ਪੱਖ ਤੋਂ ਗੁਰੂ ਸਾਹਿਬਾਨ ਨੇ ਵਿਆਹ ਦੀ ਪਰਿਭਾਸ਼ਾ ਨੂੰ ਮਾਨਵੀ ਮੁੱਲਾਂ ਦੇ ਸੰਦਰਭ ਵਿਚ ਬਿਲਕੁਲ ਨਵਾਂ ਅਰਥ ਪ੍ਰਦਾਨ ਕਰਵਾਇਆ ਹੈ। ਲਾਵਾਂ ਦੇ ਇਹ ਸ਼ਬਦ ਇਸ ਧਾਰਨਾ ਨੂੰ ਸਥਾਪਿਤ ਕਰਦੇ ਹਨ।

ਇਸ ਤਰ੍ਹਾਂ ਵਿਆਹ ਦੋ ਦੇਹਾਂ ਦੇ ਸੰਤਾਨ ਉਤਪੱਤੀ ਹਿੱਤ ਕੀਤੇ ਜਾਣ ਵਾਲਾ ਸਰੀਰਿਕ ਮਿਲਾਪ ਨਾ ਰਹਿ ਕੇ ਉੱਚੇ ਅਧਿਆਤਮਿਕ ਆਦਰਸ਼ ਪ੍ਰਤੀ ਸਮਰਪਣ ਦਾ ਰੂਪ ਧਾਰ ਜਾਂਦਾ ਹੈ ਅਤੇ ਪ੍ਰਭੂ-ਪ੍ਰੇਮ ਦੀ ਪ੍ਰਾਪਤੀ ਹਿੱਤ ਉਮਰ ਭਰ ਨਿਭਾਏ ਜਾਣ ਵਾਲਾ ਪਵਿੱਤਰ ਇਕਰਾਰਨਾਮਾ ਬਣ ਜਾਂਦਾ ਹੈ। ਜਿਸ ਨੂੰ ਪ੍ਰੇਮ ਤੇ ਵਿਸ਼ਵਾਸ ਸਹਿਤ ਪੂਰੀ ਤੀਬਰਤਾ ਤੇ ਨਿਸ਼ਠਾ ਨਾਲ ਨਿਭਾਉਣ ਦੀ ਤਾਕੀਦ ਗੁਰੂ ਸਾਹਿਬਾਨ ਕਰਦੇ ਹਨ। ਉਹਨਾਂ ਨੇ ਪ੍ਰਭੂ ਪ੍ਰੇਮ ਦੀ ਪ੍ਰਾਪਤੀ ਹਿੱਤ ਵਿਆਹ ਬੰਧਨ ਵਿਚ ਬੰਨ੍ਹੇ ਜਾਣ ਵਾਲੇ ਦੋ ਪ੍ਰਾਣੀਆਂ ਨੂੰ ਇਕ-ਦੂਜੇ ਨਾਲ ਪੂਰਨ ਰੂਪ ਵਿਚ ਅਭੇਦਤਾ ਦੀ ਅਵਸਥਾ ਧਾਰਨ ਕਰਨ ਵਾਸਤੇ ਆਪਣੀ ਨਦਰ ਦਾ ਹੱਕਦਾਰ ਬਣਾਇਆ ਹੈ।

ਵਿਆਹ ਅਨੰਦ-ਕਾਰਜ ਹੈ ਇਸ ਲਈ ਲਾਵਾਂ ਦੇ ਸ਼ਬਦਾਂ ਦੀ ਰਚਨਾ ਖੇੜੇ ਤੇ ਖ਼ੁਸ਼ੀ ਦੇ ਭਾਵ ਅਨੁਸਾਰ ਹੋਈ ਹੈ। ਇਹਨਾਂ ਨੂੰ ਜਿਸ ਰਾਗ ਵਿਚ ਉਚਾਰਿਆ ਗਿਆ ਹੈ, ਉਸ ਰਾਗ ਦਾ ਨਾਮ 'ਸੂਹੀ' ਹੈ, ਜਿਸ ਦਾ ਸ਼ਬਦੀ ਅਰਥ ਕੁਸੁੰਭ ਰੰਗੀ ਅਰਥਾਤ ਸੁਰਖ ਹੈ, ਲਾਲ ਹੈ। ਇਸ ਰਾਗ ਦੇ ਰੰਗ ਨੂੰ ਪੰਜਾਬੀ ਭਾਸ਼ਾ ਵਿਚ 'ਲਾਲ ਸੁਰਖ' ਜਾਂ 'ਸੂਹਾ ਲਾਲ' ਵੀ ਆਖਿਆ ਜਾਂਦਾ ਹੈ। ਇਹ ਰੰਗ ਸ਼ਗਨਾਂ ਦਾ ਰੰਗ ਹੈ, ਜੀਵਨ ਦਾ ਰੰਗ ਹੈ, ਸ਼ਕਤੀ ਦਾ ਰੰਗ ਹੈ, ਨਵੀਂ ਊਰਜਾ ਦਾ ਰੰਗ ਹੈ, ਮਾਨਵ ਦੇ ਲਹੂ ਦਾ ਰੰਗ ਹੈ ਤੇ ਵਿਆਹ-ਬੰਧਨ ਨੂੰ ਨਿਭਾਉਣ ਵਾਸਤੇ ਇਸ ਦੀ ਜ਼ਰੂਰਤ ਸ੍ਵੈ-ਸਿੱਧ ਹੈ। ਵਿਆਹ ਵਾਲੇ ਵਸਤਰਾਂ ਦਾ ਰੰਗ ਵੀ ਲਾਲ ਹੀ ਮਿੱਥਿਆ ਗਿਆ ਹੈ, ਜਿਹੜੇ ਉਪਰੋਕਤ ਸੰਦਰਭ ਵਿਚ ਅਰਥ ਗ੍ਰਹਿਣ ਕਰਦੇ ਹਨ। ਇਸ ਲਈ ਬਾਣੀ ਰੂਪ ਲਾਵਾਂ ਇਸ ਪੱਖ ਤੋਂ ਵੀ ਕਮਾਲ ਹਨ।

ਰਾਗ ਸੂਹੀ ਬਸੰਤ ਰੁੱਤ ਦਾ ਰਾਗ ਹੈ। ਇਸ ਨੂੰ ਗਾਉਣ ਦਾ ਵੇਲਾ 'ਦੋ ਘੜੀ ਦਿਨ ਚੜ੍ਹੇ' ਹੈ। ਜਦੋਂ ਪ੍ਰਕਿਰਤੀ ਪੂਰਨ ਰੂਪ ਵਿਚ ਕਾਰਜਸ਼ੀਲ ਹੋ ਚੁੱਕੀ ਹੁੰਦੀ ਹੈ। ਹਰ ਪ੍ਰਾਣੀ ਜਾਗ ਚੁੱਕਿਆ ਹੁੰਦਾ ਹੈ। ਦਿਨ ਦਾ ਇਹ ਜੋਬਨ ਪੱਖ ਹੈ। ਵਿਆਹ ਵੀ ਮਾਨਵ ਅੰਦਰ ਹਰ ਪੱਖ ਤੋਂ ਜੋਬਨ ਦੀ ਆਮਦ ਦਾ ਪ੍ਰਤੀਕ ਹੁੰਦਾ ਹੈ। ਸ਼ਾਇਦ ਇਸ ਕਾਰਨ ਹੀ ਸਿੱਖ-ਸਮਾਜ ਨੇ ਇਸ ਰਸਮ ਨੂੰ ਨਿਭਾਉਣ ਦਾ ਸਮਾਂ ਦੁਪਹਿਰ ਤੋਂ ਪਹਿਲਾਂ-ਪਹਿਲਾਂ ਮਿੱਥਿਆ ਹੈ।

ਲਾਵਾਂ ਦੇ ਚਾਰ ਸ਼ਬਦਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਵੇਲੇ 'ਰਾਗ ਸੂਹੀ ਮਹਲਾ ੪ ਛੰਤ ਘਰ ੧' ਸਿਰਲੇਖ ਦਿੱਤਾ ਗਿਆ ਹੈ। ਇਸ ਸਿਰਲੇਖ ਅਧੀਨ ਕੁਲ ਅੱਠ ਸ਼ਬਦ ਦਰਜ ਕੀਤੇ ਗਏ ਹਨ। ਪਹਿਲੇ ਚਾਰ ਸ਼ਬਦਾਂ ਵਿਚ ਪ੍ਰਭੂ ਪ੍ਰੇਮ ਨੂੰ ਹਾਸਲ ਕਰਨ ਲਈ ਵਿਆਹ ਦੇ ਬਿੰਬ ਨੂੰ ਆਧਾਰ ਬਣਾ ਕੇ ਇਕ ਹੁਲਾਸਮਈ ਵਾਤਾਵਰਨ ਸਿਰਜਿਆ ਗਿਆ ਹੈ ਜਿਸ ਤੋਂ ਬਾਅਦ ਪ੍ਰਭੂ ਪ੍ਰੇਮ ਨੂੰ ਪ੍ਰਾਪਤ ਕਰਨ ਵਾਲੇ ਪ੍ਰਾਣੀ ਹਿੱਤ ਲਾਵਾਂ ਦੇ ਚਾਰ ਬੰਦ ਉਚਾਰੇ ਗਏ ਹਨ। ਇਹਨਾਂ ਸ਼ਬਦਾਂ ਦੇ ਕਾਵਿ-ਰੂਪ ਨੂੰ 'ਛੰਤ' ਦਾ ਨਾਮ ਦਿੱਤਾ ਗਿਆ ਹੈ। ਇਹ ਸੰਸਕ੍ਰਿਤ ਦੇ 'ਛੰਦਮ' ਸ਼ਬਦ ਦਾ ਤਦਭਵ ਰੂਪ ਹੈ ਅਤੇ ਇਸ ਦਾ ਪ੍ਰਚਲਨ ਲੋਕ-ਕਾਵਿ ਵਿਚ ਹੋਇਆ ਹੈ। ਵਿਆਹ ਵੇਲੇ ਲਾੜਾ ਆਪਣੀਆਂ ਸਾਲੀਆਂ ਦੇ ਮਜ਼ਬੂਰ ਕਰਨ ਤੇ ਆਮ ਕਰਕੇ 'ਛੰਤ' ਸੁਣਾਉਂਦਾ ਹੈ। ਜਿਹਨਾਂ ਵਿਚ ਮਨੋਰੰਜਨ, ਵਿਅੰਗ ਅਤੇ ਹਾਸੇ ਦੇ ਤੱਤ ਮੌਜੂਦ ਰਹਿੰਦੇ ਹਨ। ਗੁਰੂ ਸਾਹਿਬਾਨ ਨੇ ਲੋਕ-ਕਾਵਿ ਪਰੰਪਰਾਵਾਂ ਨੂੰ ਬੜੀ ਉਦਾਰਤਾ ਨਾਲ ਅਪਨਾਇਆ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਸ਼ੈਲੀਗਤ ਲੋਕ-ਕਾਵਿ ਨੂੰ ਸਥਾਨ ਮਿਲਿਆ ਹੈ। ਗੁਰਬਾਣੀ ਵਿਚਲੇ ਸਾਰੇ ਛੰਤ-ਕਾਵਿ ਦਾ ਗੰਭੀਰਤਾ ਨਾਲ ਅਧਿਐਨ ਕਰਨ ਉਪਰੰਤ ਇਸ ਸਿੱਟੇ ਉੱਤੇ ਪਹੁੰਚਿਆ ਜਾ ਸਕਦਾ ਹੈ ਕਿ 'ਛੰਤ' ਸਿਰਲੇਖ ਆਮ ਕਰਕੇ ਉਹਨਾਂ ਮੰਗਲਮਈ ਸ਼ਬਦਾਂ ਨੂੰ ਦਿੱਤਾ ਗਿਆ ਹੈ, ਜਿਨ੍ਹਾਂ ਵਿਚ ਜੀਵ-ਆਤਮਾ ਰੂਪੀ ਨਾਇਕਾ ਨੂੰ ਵਿਯੋਗ ਦਾ ਅਨੁਭਵ, ਸੰਯੋਗ ਸੁੱਖ ਦੀ ਅਭਿਲਾਖਾ, ਪ੍ਰੀਤਮ ਦੀ ਉਡੀਕ ਅਤੇ ਕਦੇ-ਕਦੇ ਪ੍ਰਾਪਤ ਹੋਣ ਵਾਲੇ ਸੰਯੋਗ-ਸੁੱਖ ਦੀਆਂ ਭਾਵਨਾਵਾਂ ਨੂੰ ਪ੍ਰਗਟ ਕੀਤਾ ਗਿਆ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਅਧੀਨ ਅਸ਼ਟਪਦੀਆਂ ਦੇ ਬਾਅਦ ਇਹਨਾਂ ਨੂੰ ਸੰਕਲਿਤ ਕੀਤਾ ਗਿਆ ਹੈ। ਇਹਨਾਂ ਵਿਚ ਅਧਿਕਾਂਸ਼ ਛੰਤਾਂ ਦੀ ਪਦ ਸੰਖਿਆ ਚਾਰ-ਚਾਰ ਹੁੰਦੀ ਹੈ ਅਤੇ ਹਰ ਪਦੇ ਵਿਚ ਆਮ ਤੌਰ ਤੇ ਛੇ-ਛੇ ਪੰਗਤੀਆਂ ਹੁੰਦੀਆਂ ਹਨ।

'ਲਾਵਾਂ' ਦੇ ਚਾਰੇ ਸ਼ਬਦਾਂ ਵਿਚ ਹਰੇਕ ਅੰਦਰ ਛੇ-ਛੇ ਪੰਗਤੀਆਂ ਹਨ। ਇਨ੍ਹਾਂ ਚਾਰ ਸ਼ਬਦਾਂ ਵਿਚ 'ਲਾਵਾਂ' ਸ਼ਬਦ ਅੱਠ ਵਾਰ ਵਰਤਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖ ਵੱਖ ਰਾਗਾਂ ਵਿਚ ਮਿਲਦੇ ਛੰਤਾਂ ਦੀ ਕੁਲ ਸੰਖਿਆ 145 ਮੰਨੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਕਿਸੇ ਸ਼ਬਦ ਜਾਂ ਪਦੇ ਵਿਚ ਕਿਸੇ ਵੀ ਛੰਦ ਲੱਛਣ ਦੀ ਸੁਤੇ-ਸਿੱਧ ਪਾਲਣਾ ਨਹੀਂ ਹੁੰਦੀ ਕਿਉਂਕਿ ਬਾਣੀ ਰਚਨਾ ਵੇਲੇ ਬਾਣੀਕਾਰਾਂ ਦੇ ਸਾਮ੍ਹਣੇ ਨਾ ਤਾਂ ਕੋਈ ਛੰਦ-ਸ਼ਾਸਤਰ ਸੀ ਅਤੇ ਨਾ ਮਾਤਰਾਵਾਂ ਜਾਂ ਵਰਣਾਂ ਦੀ ਗਿਣਤੀ ਦੀ ਉਨ੍ਹਾਂ ਨੂੰ ਕੋਈ ਲੋੜ ਸੀ। ਉਹ ਸੁਤੰਤਰ ਬਿਰਤੀ ਵਾਲੇ ਧਰਮ-ਸਾਧਕ ਸਨ। ਉਹਨਾਂ ਨੇ ਕਾਵਿ ਦੇ ਬਾਹਰਲੇ ਸਾਧਨਾਂ ਦੀ ਪਾਬੰਦੀ ਨੂੰ ਸਵੀਕਾਰ ਨਹੀਂ ਕੀਤਾ। ਉਹਨਾਂ ਦੀ ਬਾਣੀ ਭਾਵਾਂ ਦੇ ਅਨੁਸ਼ਾਸਨ ਨੂੰ ਮੰਨ ਕੇ ਚਲੀ ਸੀ। ਜਿਸ ਲਈ ਬਾਹਰਲੇ ਸਾਧਨਾਂ ਦਾ ਕੋਈ ਮਹੱਤਵ ਨਹੀਂ ਰਹਿ ਜਾਂਦਾ।


ਲਾਵਾਂ ਦੇ ਚਾਰ ਸ਼ਬਦ ਸਿੱਖ-ਜਗਤ ਅੰਦਰ ਸੁਤੰਤਰ ਬਾਣੀ ਰੂਪ ਦੇ ਤੌਰ ਤੇ ਪ੍ਰਵਾਨ ਹਨ। ਵਿਆਹ ਦੀ ਰਸਮ ਵੇਲੇ ਇਹਨਾਂ ਦਾ ਗਾਇਨ ਮਰਿਆਦਾ ਬਣ ਚੁੱਕਾ ਹੈ। ਸਿੱਖਾਂ ਲਈ ਇਹ 'ਵਿਆਹ ਦੇ ਗੀਤ' ਦਾ ਦਰਜਾ ਹਾਸਲ ਕਰ ਚੁੱਕੇ ਹਨ।

-ਧੰਨਵਾਦ ਸਹਿਤ **: ਖੋਜ ਪਤ੍ਰਿਕਾ, ਸਤੰਬਰ 2003**

✧ ✧ ✧ ✧ ✧

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

# ਪਿਆਰਾਂ ਦਾ ਸਾਈਂ




ਬਹੁਤਾ ਪੜ੍ਹਿਆ ਹੋਇਆ ਤੇ ਬਹੁਤਾ ਹਠੀਆ ਜਦ ਅਮੰਨਾ ਕਰ ਲੈਂਦਾ ਹੈ, ਤਾਂ ਬਹੁਤ ਰਸ ਮਾਣਦਾ ਹੈ, ਤਦੋਂ ਉਸਦੇ ਕੰਨ ਵਿਚ ਵਿੱਦਿਆ ਚੌਧਰਾਣੀ ਆਖਦੀ ਹੈ 'ਮੈਂ ਨਹੀਂ ਸਾਂ ਏਹੋ ਗੱਲ ਆਖ ਰਹੀ ?' 'ਭਾਗਵਾਨੇ ਆਖ ਤਾਂ ਰਹੀ ਸੈਂ, ਪਰ ਨਾਲ ਸੰਸੇ ਵੀ ਤੂੰਹੇਂ ਪਾਉਂਦੀ ਸੈਂ।'

ਪੰਡਤ ਜੀ ਤੋਂ ਮਗਰੋਂ ਇਸ ਰੱਬੀ ਰੌ ਤੇ ਇਸਦੀ ਇਲਾਹੀ ਦਾਤ ਦਾ ਪ੍ਰਕਾਸ਼ ਵਧਿਆ। ਲੋਕ ਲੱਗੇ ਸਾਂਈਂ ਦੇ ਪਜਾਰ ਵਿਚ ਆਉਣ, ਨਾਮ ਲੰਗਰ ਜਾਰੀ, ਜੋ ਬਾਬੇ ਦੀ ਸ਼ਰਨ ਆਵੇ ਬੇੜਾ ਪਾਰ।

**ਚਰਨੀਂ ਲਾਇਓਸੁ। ਜਨਮ ਮਰਨ ਰਾਜੇ ਸ਼ਿਵਨਾਭ ਕਾ ਕੱਟਿਆ।**
**ਸਿੱਖ ਹੋਆ। ਸੈਦੋ ਜੱਟ ਜਾਤ ਘੇਹੋ ਪਾਹੁਲ ਹੁਕਮ ਨਾਲ ਦਿਤੀ।**
**ਸਾਰਾ ਦੀਪ ਸਿੱਖ ਹੋਆ, ਗੁਰੂ ਗੁਰੂ ਲਗਾ ਜਪਣ।**
**ਸਾਰਾ ਖੰਡ ਬਖਸ਼ਿਆ ਰਾਜੇ ਸ਼ਿਵਨਾਭ ਕੈ ਪਿਛੈ।** (ਪੁ: ਜ: ਸਾਖੀ)

ਇਸ ਤਰ੍ਹਾਂ ਸਾਰੇ ਲੋਕਾਂ ਨੂੰ ਬਾਬੇ ਨੇ ਤਾਰਿਆ। ਉਥੇ ਬੜੀ ਸੰਗਤ ਬਣ ਗਈ। ਨਿਤ ਸਤਿਸੰਗ ਹੋਵੇ, ਸਵੇਰੇ ਚੌਂਕੀ ਲਗੇ, ਸੰਝ ਨੂੰ ਸੋਦਰ ਗਾਵੀਐ, ਲੋਕੀਂ ਕਾਰ-ਵਿਹਾਰ ਕਰਨ, ਨਾਲੇ ਸਾਂਈਂ ਨਾਲ ਲਿਵ ਲਾਈ ਰਖਣ। ਰਾਤ ਨੂੰ ਸਾਰੇ ਧਰਮਸਾਲਾ ਵਿੱਚ ਇਕੱਠੇ ਆਇ ਬੈਠਣ। ਇਕ ਸਿਖ ਪ੍ਰਸਾਦ ਕਹਿ ਜਾਵੇ, ਦੂਏ ਦਿਨ ਇਕੱਠੇ ਉਸਦੇ ਘਰ ਪ੍ਰਸਾਦ ਜਾ ਛਕਣ। ਇਸ ਤਰ੍ਹਾਂ ਪਰਸਪਰ ਪ੍ਰੇਮ ਵਧ ਗਿਆ।

ਕੁਛ ਕਾਲ ਸਤਿਗੁਰ ਜੀ ਓਥੇ ਰਹੇ। ਸੰਗਤ ਵਿਚ ਸ਼ਿਵਨਾਭ ਦਾ ਪ੍ਰੇਮ ਤੇ ਸਾਂਈਂ ਰਸ ਵਿਚ ਚੜ੍ਹਾਉਂ ਸਭ ਤੋਂ ਉੱਚਾ ਸੀ, ਸੋ ਸਤਿਗੁਰ ਜੀ ਨੇ ਸਾਰੀ ਸੰਗਤ ਦਾ ਵੱਡਾ ਵੀ ਉੱਸੇ ਨੂੰ ਥਾਪਿਆ, ਮੰਜੀ ਬਖਸ਼ੀ ਅਰ ਆਗਜਾ ਕੀਤੀ ਕਿ ਤੂੰ ਪ੍ਰਾਣੀ ਮਾਤ੍ਰ ਦੇ ਉਧਾਰ ਵਾਸਤੇ ਸਾਧੂ ਹੋਇਆ। ਇਕ ਪਾਸੇ ਰਾਜ ਕਮਾਵੇਂਗਾ, ਦੂਜੇ ਪਾਸੇ ਸਹਿਜ ਪਦ ਵਿਚ ਖੇਡੇਂਗਾ, ਤੀਏ ਪਾਸੇ ਸਾਂਈਂ ਦੀ ਸ੍ਰਿਸ਼ਟੀ ਦਾ ਉਧਾਰ ਤੇਰੇ ਹੱਥ ਹੋਵੇਗਾ। ਇਸ ਤਰ੍ਹਾਂ ਸ੍ਰੀ ਗੁਰੂ ਜੀ ਪਰਮੇਸ਼ਰ ਦੇ ਪਜਾਰ ਦਾ, ਸੱਚੇ ਧਰਮ ਦਾ, ਸੱਚੇ ਰਸਤੇ ਦਾ ਇੱਕ ਮੰਡਲ ਤਜਾਰ ਕਰਕੇ ਹੋਰ ਦੇਸ਼ ਨੂੰ ਤਾਰਨ ਹਿਤ ਉਪਕਾਰੀ ਬੱਦਲ ਸਮਾਨ ਰਵਦੇ ਰਹੇ। ਵਿਛੋੜੇ ਪਰ ਰਾਜਾ ਨੇ ਬੜਾ ਵੈਰਾਗ ਕੀਤਾ ਉਸਦਾ ਚਿੱਤ ਵਿਛੁੜਨੇ ਨੂੰ ਨਾ ਕਰੇ, ਸਾਰੀ ਸੰਗਤ ਕੁਰਲਾਵੇ, ਪਰ ਸ੍ਰੀ ਬਾਬੇ ਆਖਿਆ, "ਜਿਤ ਵਲ ਸਾਂਈਂ ਦਾ ਹੁਕਮ ਹੈ ਤਿਤ ਵਲ ਰਉਂ ਕਰਨਾ ਹੈ।"

ਐਉਂ ਗੁਰੂ ਬਾਬਾ ਪ੍ਰੇਮ ਖੈਂਚ ਦਾ ਖਿੱਚਿਆ, ਪ੍ਰੇਮ ਅਗੇ ਦ੍ਰਵਿਆ, ਵਲਿੱਖਾਂ ਚੀਰ ਕੇ ਪਹੁੰਚਾ, ਪਿਆਰ ਦਾ ਪਿਆਰ ਨਾਲ ਉੱਤਰ ਦਿਤਾ। ਪਿਆਰ ਪ੍ਰੋਤੇ ਨੂੰ ਪਿਆਰ ਪੁੰਜ ਸਾਂਈਂ ਨਾਲ ਮੇਲਿਆ। ਆਪ ਪ੍ਰੇਮ ਸਰੂਪ ਗੁਰੂ ਜੀ ਫੇਰ ਮੋਹ ਮਾਇਆ ਤੋਂ ਅਲਿਪਤ ਟੁਰ ਪਏ। ਰਾਜੇ ਦੇ ਪ੍ਰੇਮ ਦੀ ਗੁਰ ਨਾਨਕ ਨੂੰ ਭੁੱਖ ਨਹੀਂ ਸੀ, ਉਸਦੇ ਪ੍ਰੇਮ ਨੇ ਗੁਰੂ ਦੀ ਕੋਈ ਊਣ ਨਹੀਂ ਭਰੀ। ਗੁਰੂ ਸੰਪੂਰਨ ਸੀ, ਬੇ ਲੋੜ ਸੀ, ਪਰ ਪਿਆਰਾਂ ਦਾ ਸਾਈਂ ਹੋਣ ਕਰਕੇ ਪ੍ਰੇਮ ਖੈਂਚ ਨੂੰ ਜਾਤੋਸੁ, ਦ੍ਰਵਿਆ ਵੀ, ਪਹੁੰਚਾ ਵੀ, ਪ੍ਰੇਮ ਦੇ ਕੇ ਨਿਹਾਲ ਵੀ ਕੀਤੋਸੁ, ਪ੍ਰੇਮ ਨਾਲ ਸੰਵਾਰਿਓਸੁ, ਪਰ ਆਪ ਜੇਹਾ ਸੰਪੂਰਨ ਤੇ ਅਲਿਪਤ ਸੀ ਤੇਹਾ ਹੀ ਸੰਪੂਰਨ ਤੇ ਅਲਿਪਤ ਰਿਹਾ। ਇਉਂ ਵਾਹਿਗੁਰੂ ਜੋ ਸੁਧਾ ਪ੍ਰੇਮ ਸਰੂਪ ਹੈ, ਪ੍ਰੇਮ ਨੂੰ ਜਾਣਦਾ, ਕਦਰ ਕਰਦਾ, ਪਸੀਜਦਾ, ਪ੍ਰੇਮ ਨਾਲ ਉੱਤਰ ਦੇਂਦਾ, ਪ੍ਰੇਮ ਮਾਣਦਾ, ਫੇਰ ਬੇਲੋੜ, ਅਚਾਹ, ਸੰਪੂਰਨ ਹੈ। 'ਨ ਘਾਟ ਹੈ ਨ ਬਾਢ ਹੈ ਨਾ ਘਾਟ ਬਾਢ ਹੋਤ ਹੈ॥'

ਆਖੋ ਸਾਧ ਸੰਗਤ ਜੀ ! ਧੰਨ ਗੁਰੂ ਨਾਨਕ ਦੇਵ ! ਸਾਰੇ ਦੀਵਾਨ ਵਿੱਚੋਂ ਗੂੰਜਕੇ ਆਵਾਜ਼ ਆਈ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ! !

ਗੁਰੂ ਕੇ ਪਿਆਰਿਓ ! ਆਪ ਜੀ ਨੇ ਹੁਣ ਦੇਖ ਲਿਆ ਹੈ ਕਿ ਕੀਕੂੰ ਗੁਰੂ ਨਾਨਕ-ਹਿਰਦਾ ਇਨਸਾਨੀ ਦਿਲ ਦੀ ਨਿੱਕੀ ਲੋੜ ਤੇ ਥੁੜ ਉੱਤੇ ਪਸੀਜਦਾ ਹੈ ਤੇ ਕੀਕੂੰ ਮਹਾਨ ਵਿਸ਼ਾਲ ਮਰਮੀ ਪੀੜਾ ਤੇ ਬੀ ਉਸੇ ਤਰ੍ਹਾਂ ਦ੍ਰਵਦਾ ਹੈ ਤੇ ਨਿਜ ਉਤੇ ਕਿੰਨਾਂ ਕੁਛ ਸਹਾਰਕੇ ਦੇਂਦਾ ਤੇ ਪ੍ਰੇਮ ਨੂੰ ਪ੍ਰੇਮ ਦਾਨ ਨਾਲ ਪ੍ਰਫੁੱਲਤ ਕਰਦਾ ਹੈ। ਫਿਰ ਗੰਭੀਰਤਾ ਹੈ, ਪੂਰਨ ਦਾਨਾਈ ਹੈ, ਫਿਰ ਕਿਤਨੀ ਰੂਹਾਨੀ ਕਾਰੀਗਰੀ ਹੈ ਕਿ ਕਿਸੇ ਪ੍ਰੇਮ ਕਿ ਪ੍ਰੇਮ ਦੇ ਜ੍ਵਾਬ ਦੇਣ ਵਿਚ ਉਸਨੂੰ ਮੋਹ ਮਾਇਆ ਵਿਚ ਨਹੀਂ ਬਦਲਣ ਦੇਂਦਾ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਜੋ ਆਪਣੇ ਪਿਆਰੇ ਦੇ ਪ੍ਰੇਮ ਵਿਚ ਮੱਤੇ, ਉਸ ਦੇ ਹੁਕਮ ਵਿਚ ਮਗਨਾਰ ਜਗਤ ਪ੍ਰੇਮ ਦਾ ਜ੍ਵਾਬ ਪ੍ਰੇਮ ਨਾਲ ਦੇਂਦੇ, ਪ੍ਰੇਮ ਦਾਨ ਕਰਦੇ, ਪੀੜਾ ਹਰਦੇ, ਅਗਜਾਨ ਦੂਰ ਕਰਦੇ, ਉਪਕਾਰੀ ਮੇਘ, ਨਹੀਂ ਨਹੀਂ, ਨਿਰੇ ਪ੍ਰੇਮ ਦੇ ਮੇਘ ਹੋ ਕੇ ਹਰ ਸਮੇਂ ਪ੍ਰੇਮ ਦੀਆਂ ਸ੍ਵਾਂਤੀ ਬੂੰਦਾਂ ਵਰਸਾਉਂਦੇ ਹਨ। ਅਜ ਦੇ ਸਤਿਸੰਗ ਦਾ ਹੁਣ ਸਾਡੇ ਦਿਲਾਂ ਤੇ ਇਹ ਅਸਰ ਹੋਵੇ ਕਿ ਅਸੀਂ ਸੂੱਛ ਹਿਰਦੇ ਨਾਲ ਆਪਣੇ ਜੀਵਨ ਦੇ ਸੋਮੇਂ ਦੇ ਪ੍ਰੇਮ ਵਿਚ ਉੱਚੇ ਉੱਠੀਏ, ਅਸੀਂ ਆਪਣੇ ਆਪੇ ਵਿਚ ਇਸ ਪ੍ਰੇਮ ਰਸ ਵਿਚ ਰਹੀਏ, ਆਪਣੇ ਆਤਮ ਸੁਖ ਦੇ ਜਾਣੂ ਹੋਈਏ ਤੇ ਰਹੀਏ। ਫਿਰ ਸਾਥੋਂ ਜਗਤ ਵਿਚ ਪ੍ਰੇਮ ਦੀ ਵਰਤੋਂ ਵਰਤੀਵੇ ਸੁਹਣੀ ਦਾਨੀ ਤੁਲਵੀਂ ਤੇ ਚਾਨਣੇ ਵਾਲੀ ਰਵਸ਼ ਨਾਲ। ਸਾਡਾ ਜਗਤ ਪ੍ਰੇਮ ਸਾਨੂੰ ਕਿਸੇ ਅੰਧਕਾਰ ਵਿਚ ਨਾ ਲੈ ਜਾਵੇ, ਕਿਸੇ ਫਸੌਤੀ ਵਿਚ ਨਾ ਫਸਾਵੇ। ਅਸੀਂ ਉਪਕਾਰ ਕਰੀਏ, ਪਰ ਸਾਡੀ ਬਿਰਤੀ ਵਿਚ ਗ੍ਰਹਿਣ ਨਾ ਆਵੇ। ਦੇਣ ਦੇਣਾ, ਦੇਣਾ ਤੇ ਦੇ ਕੇ ਸੁਖ ਮਨਾਉਣਾ, ਇਉਂ ਦਾ ਭਾਵ ਸਾਡੇ ਅੰਦਰ ਉਮਾਹੂ ਰਹੇ। ਗੁਰਮੁਖ ਦਾ ਕੰਮ ਇਹੀ ਹੈ-ਅਲਿਪਤ ਰਹਿਣਾ ਪਰ ਪ੍ਰੇਮ ਵਿਚ ਵਰਤਣਾ। ਪ੍ਰੇਮ ਨੂੰ ਮੋਹ ਮਾਇਆ ਨਾ ਬਣਨ ਦੇਣਾ। ਖਿਮਾ, ਧੀਰਜ, ਪ੍ਰਭੂ ਦੀ ਅਗੁਵਾਨੀ ਵਿਚ ਟੁਰਨ ਵਾਲੀ ਮਤਿ ਸੁਮਤਿ ਨਾਲ ਵਰਤਣਾ, ਆਪੇ ਦੇ ਸੁਖ ਵਿਚ ਜੀਉਣਾ, ਸੁਖ ਦਾਨ ਕਰਨਾ, ਆਪਣੇ ਸੁਖ ਲੈਣ ਲਈ ਸਾਈਂ ਦਰ ਤੱਕਣਾ। ਆਪਣਾ ਸੁਖ ਹਰੀ ਕੀਰਤਨ ਵਿਚੋਂ ਲੈਣਾ, ਹਰੀ ਕੀਰਤਨ ਦੇ ਸੁਣਨ ਤੇ ਕਰਨ ਦੇ ਉਮਾਹ ਵਿਚ ਵੱਸਣਾ।

ਆਓ ਹੁਣ ਮੇਰੇ ਨਾਲ ਮਿੱਠੀ ਮਿੱਠੀ ਧੁਨਿ ਵਿਚ ਅਕਾਲ ਪੁਰਖ ਪਾਰਬ੍ਰਹਮ ਪਰਮੇਸੁਰ ਦੇ ਚਰਨਾਂ ਵਿਚ ਇਕ ਬੇਨਤੀ ਦਾ ਸ਼ਬਦ ਮਨੋਂ, ਧੁਰ ਅੰਦਰੋਂ ਹੋ ਕੇ ਉਚਾਰਨ ਕਰੀਏ। ਦਾਤਾ ਸਾਡਾ ਸਦਾ ਸਹਾਈ ਹੋਵੇ। ਆਓ ਅਰਦਾਸ ਕਰੀਏ ਜਿਸ ਵਿਚ ਵਾਹਿਗੁਰੂ ਜੀ ਦੀ ਕੀਰਤੀ ਤੇ ਸਾਡੇ ਤੇ ਮਿਹਰ ਦੀ ਯਾਚਨਾ ਪਈ ਹੋਵੇ। ਤਦ ਸੰਤਾਂ ਨੇ ਡਾਢੇ ਮਿੱਠੇ ਰਸ ਤੇ ਭਿੰਨੀ ਸੁਰ ਵਿਚ ਉਚਾਰਿਆ, ਵਾਹਿਗੁਰੂ ਕੀਰਤੀ ਦਾ ਗੁਰਵਾਕ ਗੁਰੂ ਕੀ ਅਰਦਾਸ ਤੇ ਮਗਰ ਮਗਰ ਓਸੇ ਸੁਰ ਤਾਰ ਵਿਚ ਗਾਂਵਿਆਂ ਸੰਗਤ ਨੇ :-

ਪਉੜੀ॥

**ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ॥**
**ਹੇ ਪੂਰਨ ਹੇ ਸਰਬ ਮੈ ਦੁਖਭੰਜਨ ਗੁਣਤਾਸ॥** (ਅੰਗ ੨੬੧)

**(ਲੇਖ ਦਾ ਬਾਕੀ ਹਿੱਸਾ ਅਗਲੇ ਅੰਕ 'ਚ)**

# Religiosity & Spirituality

❖ **I.J. Singh**

The nexus of spirituality and religiosity has long haunted me. Are they intimately, inseparably interconnected or are they independent constructs? We all know bright articulate people who cheerfully admit fealty to either spirituality or religiosity (usually the former) while denying any great feeling for its partner.

How to parse spirituality and religiosity? My effort today emerges from having run into some bright and challenging minds. Let me make a rambling case for my view.

If I have learned anything from participating in myriad interfaith events, it is this: Most religious people, in their saner moments, cheerfully concede the universality that underlies different faiths of mankind.

Buddha was so moved by suffering that he walked away from his regal life. Jesus personified humility and charity, Mohammed forgave his mortal enemies, Guru Nanak and his successor Guru-founders of Sikhism laid their heads on the line to protect those who were not Sikh. Similar examples abound in all of the great religions of mankind.

It seems to me that the essential spiritual message of the Masters was to discover the divinity that is inherent within each of us, and nurture it such that it defines our lives "ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥" (*Munn too jot saroop haen apnaa mool pehchhaan*).

[SGGS: 441]

**To my mind this universal connectivity defines essential spirituality.**

Spirituality speaks of a life of introspection, of traits that define character, and values that speak of our human potential as useful productive members, even icons of society. This defines the human and his/her place not in an imaginative existence after death but here and now in the life bequeathed to us. True that this demands individual focus, and dedication but its goal and endpoint is the community, absolutely not isolation from it. Remember that the word "Religion" comes from the Latin Re-Ligare which means to bind or to connect.

Speaking of the expansive diversity of creation, the tenth Sikh Guru-prophet, Gobind Singh, said:

*"As out of a single fire,*
*Millions of sparks arise;*
*So from God's form emerges all creation*
*Animate and Inanimate."*

[*Akal Ustat*, p. 87]

Or look at the lines in Guru Granth, the repository of Sikh spiritual heritage that declaims an essential truth: ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥" *(Aval Allah noor upaaya kudrat kay sabh banday...)* – from the same one light emerges all creation.

[SGGS: 1349]

Then one day at the local Gurdwara I saw a community-Leader berating the congregants for idle casual conversation during the *langar*, the meal prepared and served gratis by volunteers to every congregant, that is an essential feature of every Sikh religious service irrespective of the religious identity of attendees. The leader demanded that the only conversation be of Gurbani. She wanted all small talk banned within the four walls of the Gurdwara. Just imagine that. Over the years, I have run into more than one such leader.

But even though humans are spirit born people, the Spirit of God works its magic through our communal, societal existence, its language and institutions. Remember that humans, more so in their early infancy but, in fact through life have a vulnerable existence. The community, including the idle chatter therein, becomes some of the essential connecting glue of human bonding that makes survival possible. Spirituality, too, becomes institutionalized in time. Spirituality and religiosity together then morph into the vital framework of a progressive community.

Communities do not exist in isolation or in a void. History speaks of deeply spiritual people untethered to community life and they often became unable to fight existential threats. On the other hand, religiosity alone, unbridled by spiritual underpinnings, produced societies with an unexcelled record of injustice, bloodshed and wars. Spirituality alone exists but without humanity, empathy or connection with others. Such existence, like that of a solitary prisoner, becomes disconnected from any life around him. One needs to touch both joy and suffering to define the core of human existence.

In any religion essential spirituality comes to us wrapped in the robes, colours, customs, texture, music and cuisine, indeed the context of a specific community. And God only knows how many religions there are, with perhaps as many more to come.

Predictably enough, institutions develop fences around them. True that good fences make good neighbours but they, along with the authority of institutional religion,

direct, and often enclose us in a straitjacket, effectively stunting the quest for spirituality in life.

Fences often become stronger, bulkier and higher. Religiosity thrives while spirituality plummets. (In modern Trumpian rhetoric like walls that might hermetically seal America from its neighbours?) Spirituality declines when walls are such that one may not look through them, climb over them, or communicate across them. Then the life of interiority that is the foundation for our societal fabric slowly dies, to be replaced by a life of dogma, doctrine and empty ritual.

In other words, spirituality objectifies the universe within us, religiosity defines the world around us. Spirituality speaks of values that make us what we are. In religiosity, buildings, edifices and artefacts–the pride of exteriority – thrive. How then can universal connectivity prosper?

Most people take refuge in abstract spirituality when they are looking for consolation, to transcend their suffering. They also need an empathetic shoulder to lean on when dealing with grief and joy – the slings and arrows of outrageous fortune. Remember that a collection of strangers is no *sangat* at all. I am pointing to our unrealistic expectations from a *sangat* rooted in and limited mostly to smart phones and related gadgetry

Of course, not all doctrine and rituals are as negative as they might appear to be. They can give substance and framework even to personal spiritual practice and space. Without them, everything could easily disintegrate into touchy-feely miasmic fuzziness – sound and fury signifying nothing, as Shakespeare's Macbeth asserted. The Gurus condemned blind, pointless rituals, not those that connect us to values and goals.

I submit that neither religiosity nor spirituality alone sustains a well-lived life. The Sikh Doctrine of Miri-Piri takes on this conflict head on. Guru Hargobind, the sixth Guru, formalized the concept that Miri is the external world in which we operate while Piri is our inner core, our sense of self. These two parts of the self—Miri and Piri, life of interiority and that of exteriority— both the world within and the world outside need to remain symbiotically connected. This exactly is what the doctrine of Miri cum Piri demands. For a successful paradigm to our lives it is this connection that we need to continually thoughtfully nurture.

Sikhi recognizes that our worldly needs must not be denied. For instance, look at the clear rejection of renunciation, ascetism, fasting and denial of pleasure in the false promotion of spirituality. Miri or Piri? Sikhi absolutely does not glorify one or downgrade the other. Liberation as a goal is equally available in a joyful life "ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥" *(Hasa(n)dia Khela(n)dia, paena(n)dia vitchay hovae mukt).*

[SGGS: 522]

Worth citing here is also a hymn by saint Dhanna: ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥੧॥ ਰਹਾਉ ॥ ਦਾਲਿ ਸੀਧਾ ਮਾਗਉ ਘੀਉ ॥ ਹਮਰਾ ਖੁਸੀ ਕਰੈ ਨਿਤ ਜੀਉ ॥ ਪਨੑੀਆ ਛਾਦਨੁ ਨੀਕਾ ॥ ਅਨਾਜੁ ਮਗਉ ਸਤ ਸੀ ਕਾ ॥੧॥ ਗਊ ਭੈਸ ਮਗਉ ਲਾਵੇਰੀ ॥ ਇਕ ਤਾਜਨਿ ਤੁਰੀ ਚੰਗੇਰੀ ॥ ਘਰ ਕੀ ਗੀਹਨਿ ਚੰਗੀ ਜਨੁ ਧੰਨਾ ਲੇਵੈ ਮੰਗੀ ॥੨॥੪॥ (ਅੰਗ ੬੯੫)

*"Jo jan tumri bhagat karantay tin ke kaaj swartaa (Rahao). Daal seedha magao gheeo, hamraa khusi karay nit jeeo. Pania chhadan neeka, anaaj magao sat seeka. Gaoo bhaes magao laaveri, lk taajan turi changeri. Ghar ke geehan changi, jan Dhanna levae mangi."*

[SGGS: 695]

*In a rough and ready translation, Dhanna pleads thus:*
*"You who arranges the needs of your humble servants (Pause)*
*Lentils, flour, and ghee, I beg of you;*
*My mind shall ever be pleased.*
*Shoes and fine clothes; And grain of seven kinds.*
*A milk cow and water buffalo beg of you;*
*And a fine Turkestani mare.*
*A good wife to care for home; The humble servant Dhanna begs of you."*

I also offer you a powerful hymn from Gurbani that rejects a life of penury and poverty. Here the poet-saint Namdev expreses his inability to pray on an empty stomach and offers his prayer beads back to the Creator "ਭੂਖੇ ਭਗਤਿ ਨ ਕੀਜੈ ॥ ਯਹ ਮਾਲਾ ਅਪਨੀ ਲੀਜੈ ॥" *(Bhookhay bhagati na keejae; yeh malaa aapnee leejae).* This longish hymn also lists many ordinary requisites of life that Namdev needs for his survival and his loyal worship.

On the other hand, Guru Granth clearly cautions us not to undervalue or forget the vital spiritual connection "ਆਖਾ ਜੀਵਾ ਵਿਸਰੈ ਮਰਿ ਜਾਉ ॥" *(Aakha(n) Jivaa(n) visray murr jaao).* Even though I leave you only this one citation to support spirituality, I assure you that are hundreds, if not more, that are available within the Guru Granth.

[SGGS: 9]

Metaphorically, if Piri defines our roots then Miri is the fruit and flowers that serve a larger reality—the whole plant—rather than the small area of the root. Only then can we change the world.


As someone said, "Between neighbours there are walls that must be shattered, and lines that must never be crossed."

Spirituality and religiosity are like conjoint twins with one beating heart. They complement each other in the human creation. Tearing Miri and Piri apart results in a bifid fragmented human, no longer as productive.

Take good care of the two legs that together make our journey in life both possible and sublime Keeping them yoked to the same plow is our onus.

✧ ✧ ✧ ✧ ✧

# ਪੁਸਤਕ-ਪੜਚੋਲ




ਪ੍ਰਸਤੁਤ ਪੁਸਤਕ **ਸਿੱਖ ਇਤਿਹਾਸ ਦੇ ਅਣਗੌਲੇ ਨਾਇਕ** ਭਾਵੇਂ ਨਾਵਾਂ ਦੇ ਪੱਖੋਂ ਹੁਣ ਅਣਗੌਲੇ ਨਹੀਂ ਹਨ ਪਰ ਉਹਨਾਂ ਬਾਰੇ ਪ੍ਰਮਾਣਿਕ ਤੇ ਲੋੜੀਂਦੀ ਜਾਣਕਾਰੀ ਸਾਡੇ ਕੋਲ ਬਹੁਤੀ ਨਹੀਂ, ਇਸ ਕਰਕੇ ਇਕ ਤਰ੍ਹਾਂ ਉਹ ਆਪਣੇ ਨਾਇਕਤਵ ਦੀ ਭੂਮਿਕਾ 'ਚ ਹੋ ਕੇ ਵੀ ਇਕ ਤਰ੍ਹਾਂ ਨਾਲ ਜਾਣਕਾਰੀ ਪੱਖੋਂ ਸਾਡੇ ਲਈ ਅਣਗੌਲੇ ਹੀ ਕਹੇ ਜਾ ਸਕਦੇ ਹਨ। ਲੇਖਕ ਨੇ ਖੋਜ ਅਤੇ ਮਿਹਨਤ ਸਹਿਤ ਇਹ ਪੁਸਤਕ ਲਿਖ ਕੇ ਅਣਗੌਲਿਆਂ ਨੂੰ ਗੌਲਣ ਦਾ ਪੂਰਾ ਯਤਨ ਕੀਤਾ ਹੈ ਭਾਵਾਂ ਕਿ ਇਤਿਹਾਸ ਵਿਚ ਇਨ੍ਹਾਂ ਵਿਚੋਂ ਬਹੁਤਿਆਂ ਬਾਰੇ ਲੋੜੀਂਦੀ ਜਾਣਕਾਰੀ ਵੀ ਨਹੀਂ ਮਿਲਦੀ ਲੇਕਿਨ ਇਹ ਲੇਖਕ ਦੀ ਮਿਹਨਤ ਤੇ ਸਿਰਜਨਾਤਮਕਤਾ ਹੈ ਤੇ ਇਸ ਬਾਰੇ ਉਹ ਆਪ ਵੀ ਲਿਖਦੇ ਹਨ:- "ਸਿੱਖ ਕੌਮ ਦੇ ਕੁਝ ਅਜਿਹੇ ਆਦਰਯੋਗ ਅਣਗੌਲੇ ਲੁਪਤ ਮਾਣਕਾਂ ਬਾਰੇ ਜਾਣਕਾਰੀ ਦੀ ਘਾਟ ਕਾਰਨ ਉਹਨਾਂ ਮਹਾਨ ਹਸਤੀਆਂ ਦੀਆਂ ਕਥਾਵਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਦੀ ਰੌਸ਼ਨੀ ਅਤੇ ਆਪਣੇ ਜਜ਼ਬਾਤ ਦਿਆਂ ਧਾਗਿਆਂ ਵਿਚ ਪਰੋ ਕੇ ਸ਼ਰਧਾ ਰੂਪੀ ਹਾਰ ਬਨਾਉਣ ਦਾ ਯਤਨ ਹੀ **ਸਿੱਖ ਇਤਿਹਾਸ ਦੇ ਅਣਗੌਲੇ ਨਾਇਕ** ਪੁਸਤਕ ਦੇ ਰੂਪ ਵਿਚ ਪਾਠਕਾਂ ਦੀ ਨਜ਼ਰ ਹੈ।"

ਪੁਸਤਕ ਵਿਚ ਤਕਰੀਬਨ 62 ਅਜਿਹੀਆਂ ਸ਼ਖ਼ਸੀਅਤਾਂ ਹਨ ਜਿਨ੍ਹਾਂ ਬਾਰੇ ਲੇਖਕ ਨੇ ਨਿੱਠ ਕੇ ਲਿਖਿਆ ਹੈ। ਇਨ੍ਹਾਂ ਵਿਚੋਂ ਕੁਝ ਤੇ ਵਾਕੇਈ ਸਾਡੇ ਲਈ ਨਾਂ ਤੇ ਜਾਣਕਾਰੀ ਦੋਹਾਂ ਪੱਖੋਂ ਹੀ ਅਣਗੌਲੇ ਹਨ ਜਿਵੇਂ:- ਕਾਜ਼ੀ ਰੁਕੁਨਦੀਨ, ਸ਼ਹੀਦ ਭਾਈ ਕਿਰਪਾ ਸਿੰਘ, ਬੀਬੀ ਮੁਮਤਾਜ, ਬੀਬੀ ਅਨੂਪ ਕੌਰ, ਸ਼ਹੀਦ ਬਾਬਾ ਅਜੈ ਸਿੰਘ, ਸ਼ਹੀਦ ਕਰਨੈਲ ਸਿੰਘ, ਰਾਜਕੁਮਾਰੀ ਰਤਨਾ, ਬੀਬੀ ਸ਼ਰਨ ਕੌਰ, ਭਾਈ ਦਾਨ ਸਿੰਘ, ਭਾਈ ਗੁਲਾਬ ਸਿੰਘ ਆਦਿਕ। ਇਨ੍ਹਾਂ ਸ਼ਖ਼ਸੀਅਤਾਂ ਤੋਂ ਇਲਾਵਾ ਸਮੇਂ-ਸਮੇਂ ਵਾਪਰੇ ਸਾਕਿਆਂ ਤੇ ਮੋਰਚਿਆਂ 'ਚ ਸ਼ਹੀਦ ਹੋਏ ਸਿੰਘਾਂ ਬਾਰੇ ਵੀ ਲੇਖਕ ਨੇ ਲਿਖਿਆ ਹੈ ਜਿਵੇਂ:- ਭੰਗਾਣੀ ਅਤੇ ਬਾਅਦ ਦੀਆਂ ਝੜਪਾਂ ਦੇ ਸ਼ਹੀਦ, ਚਾਲ਼ੀ ਮੁਕਤੇ, ਬਜਬਜ ਘਾਟ ਖ਼ੂਨੀ ਸਾਕੇ ਦੇ ਗੁੰਮਨਾਮ ਸ਼ਹੀਦ ਆਦਿ। ਅਖ਼ੀਰਲਾ ਪਾਠ ਘੱਲੂਘਾਰਿਆਂ ਬਾਰੇ ਹੈ। ਪੁਸਤਕ ਦੇ ਅਖ਼ੀਰ 'ਚ ਸਿੱਖ ਧਰਮ ਤੇ ਸਭਿਆਚਾਰ ਨਾਲ ਸੰਬੰਧਿਤ ਕੁਝ ਪਰਿਭਾਸ਼ਾਵਾਂ ਦਿੱਤੀਆਂ ਗਈਆਂ ਹਨ। ਸਾਡੀ ਬੇਸਮਝੀ ਜਾਂ ਬੇਪਰਵਾਹੀ ਇਹ ਹੈ ਕਿ ਅਸੀਂ ਕਈ ਵਾਰ ਕੁਝ ਬੁਨਿਆਦੀ ਸੰਕਲਪਾਂ ਜਿਨ੍ਹਾਂ ਬਾਰੇ ਹਰ ਸਿੱਖ ਸ਼ਰਧਾਲੂ ਨੂੰ ਪਤਾ ਹੋਣਾ ਚਾਹੀਦਾ ਹੈ, ਦੀ ਵੀ ਵਾਕਫ਼ੀਅਤ ਨਹੀਂ ਰੱਖਦੇ, ਲੇਖਕ ਨੇ ਪੁਸਤਕ ਦੇ ਅਖ਼ੀਰ 'ਚ ਪਾਠਕਾਂ ਦੀ ਇਸ ਕਮੀ ਨੂੰ ਪੂਰਾ ਕੀਤਾ ਹੈ।

ਸਿੱਖ ਕੌਮ ਬਾਰੇ ਕਿਹਾ ਜਾਂਦਾ ਹੈ: ਉਹਨਾਂ ਇਤਿਹਾਸ ਬਣਾਇਆ ਪਰ ਲਿਖਿਆ ਨਹੀਂ, ਪੜ੍ਹਨਾ ਤੇ ਫਿਰ ਬਾਅਦ ਦੀ ਗੱਲ ਹੈ। ਪਰ ਪਿੱਛਲੇ ਕੁਝ ਸਮੇਂ ਤੋਂ ਇਤਿਹਾਸ ਸਿਰਜਿਆ ਵੀ ਗਿਆ ਹੈ, ਸਟੇਜਾਂ ਤੋਂ ਪ੍ਰਚਾਰਿਆ ਵੀ ਗਿਆ ਹੈ ਤੇ ਅਕਾਦਮਿਕ ਅਦਾਰਿਆਂ ਵਿਚ ਉਸ ਬਾਰੇ ਗੱਲਬਾਤ ਵੀ ਹੋਈ ਹੈ। ਹੱਥਲੀ ਪੁਸਤਕ ਇਸ ਲੜੀ ਵਿਚ ਇਕ ਨਿਵੇਕਲਾ ਹਸਤਾਖ਼ਰ ਹੈ ਕਿਉਂਜੋ ਇਹ ਉਹਨਾਂ ਸ਼ਖ਼ਸੀਅਤਾਂ ਬਾਰੇ ਗੱਲ ਕਰਦੀ ਹੈ ਜਿਹਨਾਂ ਬਾਰੇ ਅਸੀਂ ਬਹੁਤਾ ਨਹੀਂ ਜਾਣਦੇ, ਤੇ ਨਾ ਹੀ ਉਹਨਾਂ ਬਾਰੇ ਬਹੁਤੀ ਕਿਤੇ ਚਰਚਾ ਹੋਈ ਹੈ। ਅਜਿਹੀਆਂ ਸ਼ਖ਼ਸੀਅਤਾਂ ਬਾਰੇ ਲਿਖਣਾ ਜਾਂ ਗੱਲ ਕਰਨਾ ਬੜਾ ਚੁਣੌਤੀ ਭਰਪੂਰ ਕਾਰਜ ਹੁੰਦਾ ਹੈ। ਇਸ ਚੁਣੌਤੀ ਅਤੇ ਵਕਤ ਦੀ ਲੋੜ ਨੂੰ ਭਾਂਪਦਿਆਂ ਅਤੇ ਸਾਂਭਦਿਆਂ ਲੇਖਕ ਰਾਜਿੰਦਰ ਸਿੰਘ ਜਾਲੀ ਨੇ ਨਿਸ਼ਚੇ ਹੀ ਇਕ ਮਹੱਤਵਪੂਰਨ ਕਾਰਜ ਕੀਤਾ ਹੈ। ਪੁਸਤਕ ਦੇ ਹਵਾਲੇ ਨਾਲ ਇਸ ਨੂੰ ਸਪੱਸ਼ਟ ਕਰਨਾ ਬਣਦਾ ਹੈ: "ਭਾਈ ਅਨਿਕ ਸਿੰਘ, ਭਾਈ ਬਚਿੱਤਰ ਸਿੰਘ ਅਤੇ ਭਾਈ ਉਦੈ ਸਿੰਘ ਤੋਂ ਛੋਟੇ ਅਤੇ ਚੌਥੇ ਨੰਬਰ 'ਤ ਜਨਮੇ ਪੁੱਤਰ ਸਨ। ਭਾਈ ਸਾਹਿਬ ਜੀ ਦਾ ਜਨਮ ਦਾ ਨਾਂ ਭਾਈ ਅਨਿਕ ਦਾਸ ਸੀ। ਗੁਰੂ ਗੋਬਿੰਦ ਸਿੰਘ ਜੀ ਪਾਸੋਂ ਸੰਮਤ 1756 (ਸੰਨ 1699 ਈ.) ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਤੋਂ ਬਾਅਦ ਅਨਿਕ ਦਾਸ ਜੀ ਭਾਈ ਅਨਿਕ ਸਿੰਘ ਅਖਵਾਏ। ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਰਹਿੰਦਿਆਂ ਭਾਈ ਅਨਿਕ ਸਿੰਘ ਜੀ ਨੇ ਨਿਰਮੋਹ ਗੜ੍ਹੀ ਦੀ ਜੰਗ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਦੁਆਰਾ ਲੜੀਆਂ ਗਈਆਂ ਸਾਰੀਆਂ ਜੰਗਾਂ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਭਾਈ ਅਨਿਕ ਸਿੰਘ ਜੀ ਨੇ ਵੀ ਬਾਕੀ ਦੇ ਹੋਰ ਸਿੰਘਾਂ ਦੇ ਨਾਲ ਗੁਰੂ ਗੋਬਿੰਦ ਸਿੰਘ ਜੀ ਦੇ ਬਸੌਲੀ ਰਿਆਸਤ ਨੂੰ ਜਾਣ ਵਾਲੇ ਕਾਫ਼ਲੇ ਦੀ ਅਗਵਾਈ ਕੀਤੀ ਸੀ।" ਅਨਿਕ ਸਿੰਘ ਸਿੱਖ ਇਤਿਹਾਸ 'ਚ ਸਾਹਿਬਜ਼ਾਦਾ ਜੁਝਾਰ ਸਿੰਘ ਦੇ ਜਥੇ 'ਚ ਸ਼ਹੀਦੀ ਪ੍ਰਾਪਤ ਕਰ ਗਏ ਸਨ। ਭਾਈ ਅਨਿਕ ਸਿੰਘ ਅਤੇ ਇਸ ਤਰ੍ਹਾਂ ਦੇ ਹੋਰ ਕਈ ਅਣਗੌਲੇ ਪਾਤਰ ਸੁਖੈਨ ਅਤੇ ਸਮਝਗੋਚਰੀ ਭਾਸ਼ਾ 'ਚ ਇਸ ਪੁਸਤਕ ਦਾ ਹਿੱਸਾ ਬਣਦੇ ਹਨ। ਇਸ ਪੁਸਤਕ ਦੀ ਖ਼ਾਸੀਅਤ ਇਸ ਦੇ ਪਾਤਰਾਂ ਬਾਰੇ ਇਤਿਹਾਸ 'ਚ ਪਏ ਭਰਮ-ਭੁਲੇਖਿਆਂ ਅਤੇ ਸ਼ੰਕਾਵਾਂ ਨੂੰ ਦੂਰ ਕਰਨਾ ਵੀ ਹੈ। ਲੇਖਕ ਨੇ ਸਿੱਖ ਸ੍ਰੋਤਾਂ ਦੇ ਨਾਲ-ਨਾਲ ਗ਼ੈਰ-ਸਿੱਖ ਸ੍ਰੋਤਾਂ ਦਾ ਵੀ ਪੂਰਨ ਭਾਂਤ ਅਧਿਐਨ ਤੇ ਮੁਲਾਂਕਣ ਕਰਨ ਬਾਅਦ ਹੀ ਇਤਿਹਾਸਕ ਜੀਵਨੀਆਂ ਨੂੰ ਕਲਮਬੱਧ ਕੀਤਾ ਹੈ। ਉਦਾਹਰਨ ਵਜੋਂ 'ਸਿੱਖ ਇਤਿਹਾਸ ਦੇ ਅਣਪਛਾਤੇ ਸ਼ਹੀਦ' ਪਾਠ ਵਿਚ ਗੁਰੂ ਨਾਨਕ ਸਾਹਿਬ ਦੀ ਕਾਅਬਾ ਫੇਰੀ ਸਮੇਂ ਰੁਕੁਨਦੀਨ ਦਾ ਭਾਵਪੂਰਨ ਬਿਰਤਾਂਤ ਨਿਵੇਕਲੇ ਖੋਜ-ਅਧਿਐਨ ਨੂੰ ਪ੍ਰਗਟ ਕਰਦਾ ਹੈ। ਇਤਿਹਾਸ ਦੇ ਪਾਤਰ ਜਿਨ੍ਹਾਂ ਸਿੱਖੀ ਸਿਧਾਂਤਾਂ ਤੇ ਪਹਿਰਾ ਦਿੰਦਿਆਂ ਆਪਣਾ ਜੀਵਨ ਗੁਰੂ ਸਾਹਿਬ ਅਤੇ ਗੁਰੂ ਪੰਥ ਲਈ ਕੁਰਬਾਨ ਕਰ ਦਿੱਤਾ ਤੇ ਅਨੇਕਾਂ ਮਹੱਤਵਪੂਰਨ ਕਾਰਜ ਕੀਤੇ ਅੱਜ ਬਹੁਤ ਲੋੜ ਹੈ ਅਸੀਂ ਇਨ੍ਹਾਂ ਬਾਰੇ ਜਾਣੀਏ। ਜਿਸ ਨਾਲ ਇਕ ਤਾਂ ਇਤਿਹਾਸ 'ਚ ਇਨ੍ਹਾਂ ਪਾਤਰਾਂ ਦੀ ਕਰਣੀ ਉਜਾਗਰ ਹੋਵੇ, ਦੂਜਾ ਇਨ੍ਹਾਂ ਪਾਤਰਾਂ ਰਾਹੀਂ ਇਤਿਹਾਸ ਆਪਣੀ ਭਰਪੂਰਤਾ 'ਚ ਉਜਾਗਰ ਹੁੰਦਾ ਹੈ। ਸਰਵਰਕ, ਸੈਟਿੰਗ, ਸ਼ਬਦ-ਜੋੜ ਆਦਿ ਪੱਖਾਂ ਤੋਂ ਮਿਆਰੀ ਪ੍ਰਤੀਮਾਨਾਂ ਦੀ ਧਾਰਨੀ **ਰਵੀ ਸਾਹਿਤ ਪ੍ਰਕਾਸ਼ਨ** ਵਲੋਂ ਪ੍ਰਕਾਸ਼ਿਤ ਇਸ ਪੁਸਤਕ ਦਾ ਸਿੱਖ ਇਤਿਹਾਸਕ ਪੁਸਤਕਾਂ ਦੀ ਲੜੀ 'ਚ ਸਵਾਗਤ ਹੈ। ਆਸ ਕਰਦੇ ਹਾਂ ਅੱਗੋਂ ਵੀ ਲੇਖਕ ਰਾਜਿੰਦਰ ਸਿੰਘ ਜਾਲੀ ਅਜਿਹੇ ਮਾਣਕ ਮੋਤੀ ਪਾਠਕਾਂ ਦੀ ਸੇਵਾ 'ਚ ਭੇਟਾ ਕਰਦੇ ਰਹਿਣਗੇ। ਲੇਖਕ ਨੂੰ ਇਸ ਮੁੱਲਵਾਨ ਤੇ ਖੋਜਭਰਪੂਰ ਉਪਲੱਬਧੀ ਲਈ ਬਹੁਤ-ਬਹੁਤ ਮੁਬਾਰਕਾਂ।

❖ ਮਨਿੰਦਰ ਸਿੰਘ ਸੋਨੀ, 9891591206

## ਖਾਲਸਾ ਸਮਾਚਾਰ ੧੦੦ ਸਾਲ ਪਹਿਲਾਂ

**ਹਫ਼ਤਾਵਾਰ ਪੰਜਾਬੀ ਪਰਚਾ**

**2 ਸਤੰਬਰ, 1920**

### ਸਿਖ ਵਾਈਸ ਪ੍ਰੈਜ਼ੀਡੈਂਟ

ਗੁਜਰਾਂਵਾਲਾ ਮਯੂਨਸੀਪਲ ਕਮੇਟੀ ਦੇ ਸਰਬ ਸੰਮਤੀ ਨਾਲ ਗੈਰ ਸਰਕਾਰੀ ਵਾਈਸ ਪ੍ਰੈਜ਼ੀਡੈਂਟ ਸਰਦਾਰ ਸੁੰਦਰ ਸਿੰਘ ਜੀ ਵਕੀਲ ਹਾਈ ਕੋਰਟ ਪੰਜਾਬ ਚੁਣੇ ਗਏ ਹਨ। ਆਪ ਗੁਜਰਾਂਵਾਲੇ ਵਿਚ ਪਿਛਲੀ ਕਾਨਫਰੰਸ ਦੀ ਰਿਸੈਪਸ਼ਨ ਕਮੇਟੀ ਦੇ ਸਕੱਤ੍ਰ ਸਨ, ਪੰਥਕ ਮਾਮਲਿਆਂ ਵਿਚ ਆਪ ਬੜੀ ਦਿਲਚਸਪੀ ਲੈਣ ਦੇ ਨਾਲ ਹੀ ਚੰਗੇ ਸੁਭਾਓ ਦੇ ਕਾਰਨ ਆਮ ਪਬਲਕ ਵਿਚ ਵੀ ਇੱਜ਼ਤ ਦੀ ਨਿਗਾਹ ਨਾਲ ਵੇਖੇ ਜਾਂਦੇ ਹਨ।

### ਚੀਫ ਖਾਲਸਾ ਦੀਵਾਨ ਵਲੋਂ ਕੋਇਟੇ ਵਿਚ ਗੁਰਬਾਣੀ ਦਾ ਪ੍ਰਚਾਰ

ਚੀਫ ਖਾਲਸਾ ਦੀਵਾਨ ਦੀ ਕ੍ਰਿਪਾਲਤਾ ਨਾਲ ਕੋਇਟੇ ਵਿਚ ਪ੍ਰਚਾਰ ਦਾ ਹੁਲਾਰਾ (ਐਤਵਾਰ) ਅੰਮ੍ਰਤ ਵੇਲੇ ਰੇਲਵੇ ਵਰਕਸ਼ਾਪ ਦੇ ਸਿੰਘਾਂ ਦੀ ਇਛਯਾਨੁਸਾਰ ਗੁਰਦਵਾਰਾ ਰੇਲਵੇ ਵਰਕਸ਼ਾਪ ਵਿਚ ਆਸਾ ਦੀ ਵਾਰ ਦਾ ਦੀਵਾਨ ਹੋਇਆ। ਭਾਵੇਂ ਇਹ ਅਸਥਾਨ ਸ਼ੈਹਰ ਤੋਂ ਕਾਫੀ ਦੂਰ ਸੀ ਪਰ ਸੰਗਤ ਦੀ ਇਕਤ੍ਰਤਾ ਬੇਅੰਤ ਸੀ। ਭਾਈ ਸਾਹਿਬ ਜੀ ਦੇ ਕੀਰਤਨ ਦਾ ਉਹ ਅਨੰਦ ਸੀ ਜਿਸ ਨੂੰ ਕਲਮ ਲਿਖ ਨਹੀਂ ਸਕਦੀ, ਸ਼ਾਮ ਦਾ ਦੀਵਾਨ ਭੀ ਇਥੇ ਹੀ ਹੋਇਆ ਜਿਸ ਵਿਚ ਹਰ ਮੱਤ ਦੇ ਸੱਜਣ ਹਿੱਸਾ ਲੈ ਰਹੇ ਸਨ ਤੇ ਸਿੱਖ ਧਰਮ ਦੀ ਸਚਿਆਈ ਦੇ ਸਾਹਮਣੇ ਸਭ ਦੇ ਸਿਰ ਝੁਕ ਰਹੇ ਸਨ। ਉਥੇ ਹੀ ਖਾਲਸਾ ਦੂਾਬਾ ਧਰਮਸਾਲਾ ਦੇ ਸਕੱਤ੍ਰ ਸਾਹਿਬ ਵਲੋਂ ਉਪਰੋਕਤ ਧਰਮਸਾਲਾ ਵਿਚ ਪ੍ਰਚਾਰ ਲਈ ਬਿਨੈ ਹੋਈ ਤੇ ਸੋਮਵਾਰ ਸਵੇਰੇ ਉਥੇ ਹੀ ਦੀਵਾਨ ਲਗਾ। ਸੰਗਤ ਦੀ ਇਕਤ੍ਰਤਾ ਦੇਖਣ ਯੋਗ ਸੀ, ਅੰਦਰ ਥਾਂ ਨਾ ਹੋਣ ਕਰਕੇ ਪ੍ਰੇਮੀ ਰਸਤੇ ਵਿਚ ਖੜੇ ਸਨ ਤੇ ਹੋਰ ਹਰ ਪਾਸਿਓ ਧੰਨ ਗੁਰੂ ਨਾਨਕ ਦੇਵ ਜੀ ਦੀ ਗੂੰਜ ਆ ਰਹੀ ਸੀ। ਮੰਗਲਵਾਰ ਸਵੇਰੇ ਸਰਦਾਰ ਚੈਨ ਸਿੰਘ ਜੀ ਠੇਕੇਦਾਰ ਦੇ ਹਾਤੇ ਵਿਚ ਦੀਵਾਨ ਸਜਿਆ, ਭਾਵੇਂ ਜਗਾ ਕਾਫੀ ਸੀ ਪਰ ਫਿਰ ਭੀ ਇਤਨੀ ਭੀੜ ਸੀ ਕਿ ਖੜੇ ਹੋਣ ਨੂੰ ਵੀ ਥਾਂ ਨਹੀਂ ਸੀ। ਮਾਈਆਂ ਬੀਬੀਆਂ ਚਾਰੇ ਪਾਸੇ ਕੋਠਿਆਂ ਤੇ ਬੈਠੀਆਂ ਜਿਸ ਵੇਲੇ ਸ਼ਬਦ ਪੜ੍ਹਦੀਆਂ ਸਨ, ਉਸ ਵੇਲੇ ਉਹ ਅਨੰਦ ਦੀ ਲੈਹਰ ਚਲਦੀ ਸੀ ਕਿ ਹਰ ਜਥੇ ਵਿਚੋਂ ਵਾਹਿਗੁਰੂ ਦੀ ਅਨੰਦ ਦਾਇਕ ਅਵਾਜ਼ ਨਿਕਲ ਰਹੀ ਸੀ, ਰਾਤ ਨੂੰ ਫਿਰ ਦੂਾਬਾ ਧਰਮਸਾਲਾ ਵਿੱਚ ਦੀਵਾਨ ਸਜਿਆ। ਅਜ ਜਾਤ ਪਾਤ ਦੇ ਖੰਡਨ ਪਰ ਭਾਈ ਸਾਹਿਬ ਨੇ ਕੀਰਤਨ ਵਿੱਚ ਓਹ ਜਬਰਦਸਤ ਵਿਆਖਿਆ ਕੀਤੀ ਕਿ ਹਰ ਮਾਈ ਭਾਈ ਗੁਰੂ ਜੀ ਦੀ ਹਜੂਰੀ ਵਿੱਚ ਪ੍ਰਣ ਕਰ ਰਿਹਾ ਸੀ ਕਿ ਅਸੀਂ ਪੰਥ ਵੀਰਾਂ ਨਾਲ ਕਿਸੀ ਤਰ੍ਹਾਂ ਦਾ ਅਯੋਗ ਵਰਤਾਵ ਨਹੀਂ ਕਰਾਂਗੇ, ਉਪ੍ਰੰਤ ਸਰਦਾਰ ਚੇਤ ਸਿੰਘ ਜੀ ਨੇ ਥੋੜੇ ਜਹੇ ਅਖਰਾਂ ਵਿੱਚ ਸਾਰੀ ਸੰਗਤ ਦੇ ਦਿਲ ਹਿਲਾ ਦਿਤੇ। ਉਥੇ ਹੀ ਸਰਦਾਰ ਨੌਰੰਗ ਸਿੰਘ ਜੀ ਦੀ ਗਲੀਆਂ ਵਾਲੀਆਂ ਬੀਬੀਆਂ ਵਲੋਂ ਹੁਕਮ ਹੋਇਆ ਕਿ ਅਗਲੇ ਭਲਕ ਦਾ ਦੀਵਾਨ ਉਨ੍ਹਾਂ ਦੀ ਗਲੀ ਵਿੱਚ ਹੋਵੇ। ਸੋ ਇਸ ਆਗਯਾਨੁਸਾਰ ਸਵੇਰ ਦਾ ਦੀਵਾਨ ਉਥੇ ਸਜਿਆ ਤੇ ਹਰ ਤਰ੍ਹਾਂ ਕਾਮਯਾਬੀ ਨਾਲ ਪੂਰਨ ਹੋਇਆ, ਇਸ ਦੀਵਾਨ ਦਾ ਸਾਰਾ ਪ੍ਰਬੰਧ ਤੇ ਸੇਵਾ ਸਹਾਇਤਾ ਮਹਲੇ ਦੀਆਂ ਮਾਈਆਂ ਬੀਬੀਆਂ ਵਲੋਂ ਸੀ। ਵੀਰਵਾਰ ਦੋਏ ਵਕਤ ਕੀਰਤਨ ਲਈ ਪਲਟਨ ਨੰ: 107 ਦੀ ਸੰਗਤ ਵਲੋਂ ਹੁਕਮ ਹੋਇਆ ਜਿਸ ਲਈ ਦੋਨੋਂ ਵਕਤ ਦਾ ਦੀਵਾਨ ਉਥੇ ਸਜਿਆ। ਭਾਵੇਂ ਇਹ ਅਸਥਾਨ ਸ਼ੈਹਰ ਤੋਂ 3 ਮੀਲ ਦੇ ਕਰੀਬ ਦੂਰ ਸੀ ਪਰ ਸ਼ੈਹਰ ਦੀ ਸੰਗਤ ਜਿਸ ਵਿੱਚ ਮਾਈਆਂ ਭੀ ਸ਼ਾਮਲ ਸਨ ਵਹੀਰ ਪਾ ਕੇ ਬਹੁਤ ਸਾਰੇ ਉਥੇ ਕੀਰਤਨ ਅਰੰਭ ਹੋਣ ਤੋਂ ਪੈਹਲਾਂ ਪਹੁੰਚ ਗਈ ਸੀ। ਪਲਟਨ ਦੇ ਸਿੰਘ ਵਲੋਂ ਦੀਵਾਨ ਦਾ ਪ੍ਰਬੰਧ ਤੇ ਮੰਡਪ ਵੇਖਣ ਯੋਗ ਸੀ, ਪਲਟਨ ਦੇ ਕਮਾਂਡਿੰਗ ਅਫਸਰ ਤੇ ਹੋਰ ਭੀ ਕਈ ਅੰਗ੍ਰੇਜ਼ ਅਫਸਰ ਸ਼ਾਮਲ ਸਨ, ਕੀਰਤਨ ਦਾ ਟ੍ਰਾਂਸਲੇਸ਼ਨ ਕਰਕੇ ਨਾਲ ਦੇ ਨਾਲ ਹੀ ਸਰਦਾਰ ਮੇਵਾ ਸਿੰਘ ਜੀ ਸਕੱਤ੍ਰ ਸਿੰਘ ਸਭਾ ਜੋ ਉਨ੍ਹਾਂ ਦੇ ਨਾਲ ਬੈਠੇ ਸਨ ਉਨਾਂ ਨੂੰ ਸੁਣਾਂਦੇ ਰਹੇ ਜਿਸਦੇ ਕਮਾਨ ਅਫਸਰ ਨੇ ਪ੍ਰਸੰਨ ਹੋਕੇ ਕਿਹਾ ਕਿ ਅੱਗੋਂ ਲਈ ਜਿਤਨੇ ਭੀ ਸਿੰਘ ਐਤਵਾਰ ਸਿੰਘ ਸਭਾ ਦੇ ਸਪਤਾਹਕ ਦੀਵਾਨ ਵਿੱਚ ਜਾਣ ਦੀ ਇਛਾ ਕਰਨਗੇ ਬਗੈਰ ਕਿਸੀ ਰੋਕ ਦੇ ਓਹ ਸ਼ਾਮਲ ਹੋ ਸਕਨਗੇ ਮੈਂ ਖੁਸ਼ੀ ਨਾਲ ਛੁਟੀ ਦੇਣ ਨੂੰ ਤਿਆਰ ਹਾਂ।

(ਅਤੀ ਅਨੰਦ ਦਾਇਕ ਸਮਾਂ)

ਇਥੇ ਹੀ ਸਨਾਤਨ ਧਰਮ ਦੇ ਪ੍ਰਬੰਧਕਾਂ ਵਲੋਂ ਉਨ੍ਹਾਂ ਦੇ ਮੰਦਰ ਵਿੱਚ ਕੀਰਤਨ ਲਈ ਬਿਨੈ ਹੋਈ ਤੇ ਸਵੇਰ ਦਾ ਦੀਵਾਨ ਸਨਾਤਨ ਧਰਮ ਸਭਾ ਦੇ ਮੰਦਰ ਵਿੱਚ ਸਜਿਆ। ਖਾਲਸਾ ਜੀ ਵੇਖਣ ਤੇ ਸੁਣਨ ਦਾ ਫਰਕ ਹੈ ਓਹ ਸਮਾਂ ਅਕਥਨੀਯ ਸੀ ਜਿਸ ਵੇਲੇ ਖਾਲਸਾ ਜੀ ਦੇ ਨਾਲ ਬਹੁਤ ਸਾਰੇ ਸਿੰਧੀ ਤੇ ਸਨਾਤਨ ਧਰਮ ਸਭਾ ਦੇ ਕਾਫੀ ਸੇਵਕ ਰਾਗੀ ਸਿੰਘਾਂ ਦੇ ਨਾਲ ਨਾਲ "ਲਖ ਬਰਹਮੇ ਵਿਸਨ ਮਹੇਸ, ਪਏ ਤਰਸਨ ਤੇਰੇ ਦਰਸ਼ਨ ਨੂੰ" ਗਾਇਨ ਕਰ ਰਹੇ ਸਨ। ਇਸ ਕੀਰਤਨ ਵਿੱਚ ਗੁਰਮਤ ਪ੍ਰਚਾਰ ਦੀ ਪੂਰਨ ਲੈਹਰ ਚਲੀ ਅਤੇ ਅਨੇਕ ਕਰਮ ਕਾਂਡ ਦੇ ਉੱਤੇ ਪ੍ਰੇਮਾ ਭਗਤੀ ਨੂੰ ਤਰਜੀਹ ਦੇਣ ਦੇ ਪ੍ਰਸੰਗ ਹੋਏ।

ਹਰ ਇਕ ਗੁਰਸਿੱਖੀ ਪ੍ਰਚਾਰ ਦੇ ਇਛਾਵਾਨ ਸਿੱਖਾਂ ਵਲੋਂ ਇਹੋ ਪ੍ਰਾਰਥਨਾ ਹੋ ਰਹੀ ਹੈ ਕਿ ਪੰਥ ਦਾ ਸ਼ਿਰੋਮਣੀ ਜਥਾ ਚੀਫ ਖਾਲਸਾ ਦੀਵਾਨ ਐਸੇ ਪ੍ਰਚਾਰਕ ਜਥੇ ਨਿਤ ਨਿਤ ਭੇਜੇ ਅਤੇ ਹਰ ਦੇਸ ਵਿੱਚ ਇਸੀ ਤਰਾਂ ਗੁਰਮਤ ਪ੍ਰਚਾਰ ਕਰਨ ਦਾ ਕੋਈ ਪੱਕਾ ਪ੍ਰਬੰਧ ਕਰੇ। ਅਜੇ ਕੋਇਟੇ ਵਿੱਚ ਪ੍ਰਚਾਰ ਹੋ ਰਿਹਾ ਹੈ।

ਦਾਸ-ਕਰਤਾਰ ਸਿੰਘ, ਸਕੱਤ੍ਰ ਐ: ਕਮੇਟੀ ਕੋਇਟਾ

✧ ✧ ✧ ✧ ✧

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੬੩, ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੪੭੫}

ਵਡਹੰਸੁ ਮਹਲਾ ੫, ਚਉਪਦਾ ੩-੧੮ ੴ ਸਤਿਗੁਰ ਪ੍ਰਸਾਦਿ॥

| ਮੂਲ | ਅਰਥ |
|---|---|
| ਵਡਹੰਸੁ ਮਹਲਾ ੫॥ ਤੂ ਬੇਅੰਤੁ ਕੋ ਵਿਰਲਾ ਜਾਣੈ॥ ਗੁਰ ਪ੍ਰਸਾਦਿ ਕੋ ਸਬਦਿ ਪਛਾਣੈ॥੧॥ | (ਹੇ ਪ੍ਰਭੂ!) ਤੂੰ ਅਨੰਤ ਹੈਂ (ਪਰ) ਕੋਈ ਵਿਰਲਾ (ਤੈਨੂੰ) ਜਾਣਦਾ ਹੈ, (ਉਹ) ਕੋਈ (ਉਹ ਹੈ ਜੋ ਤੈਨੂੰ) ਗੁਰੂ ਮਿਹਰ ਦੁਆਰਾ (ਪ੍ਰਾਪਤ ਹੋਏ) ਨਾਮ ਦੁਆਰਾ ਪਛਾਣ ਲੈਂਦਾ ਹੈ॥੧॥ |
| ਸੇਵਕ ਕੀ ਅਰਦਾਸਿ ਪਿਆਰੇ॥ ਜਪਿ ਜੀਵਾ ਪ੍ਰਭ ਚਰਣ ਤੁਮਾਰੇ॥੧॥ਰਹਾਉ॥ | ਹੇ ਪਿਆਰੇ ਪ੍ਰਭੂ! ਦਾਸ ਦੀ (ਇਹ) ਬੇਨਤੀ ਹੈ ਕਿ ਤੁਹਾਡੇ ਚਰਣਾਂ ਨੂੰ ਜਪ ਜਪਕੇ ਜੀਵਾਂ, (ਭਾਵ ਨਾਮ ਸਿਮਰਣ ਦੁਆਰਾ ਆਪ ਦਾ ਧਿਆਨ ਧਾਰਕੇ ਆਤਮ ਜੀਵਨ ਪ੍ਰਾਪਤ ਕਰ ਲਵਾਂ)॥੧॥ਰਹਾਉ॥ |
| ਦਇਆਲ ਪੁਰਖ ਮੇਰੇ ਪ੍ਰਭ ਦਾਤੇ॥ ਜਿਸਹਿ ਜਨਾਵਹੁ ਤਿਨਹਿ ਤੁਮ ਜਾਤੇ॥੨॥ | ਹੇ ਪ੍ਰਭੂ, ਹੇ ਦਿਆਲੂ ਪੁਰਖ ਮੇਰੇ ਦਾਤੇ! ਜਿਸ ਨੂੰ ਤੁਸੀਂ (ਆਪਣਾ ਆਪ) ਲਖਾਓ ਉਸੇ ਨੇ ਤੁਹਾਨੂੰ ਜਾਣਿਆ ਹੈ॥੨॥ |
| ਸਦਾ ਸਦਾ ਜਾਈ ਬਲਿਹਾਰੀ॥ ਇਤ ਉਤ ਦੇਖਉ ਓਟ ਤੁਮਾਰੀ॥੩॥ | (ਮੈਂ ਤੁਸਾਂ ਤੋਂ) ਨਿਤ ਨਿਤ ਸਦਕੇ ਜਾਂਦਾ ਹਾਂ, (ਕਿਉਂਕਿ ਹੁਣ ਮੈਂ) ਲੋਕ-ਪ੍ਰਲੋਕ ਵਿਚ ਤੁਸਾਂ ਜੀ ਦੀ ਹੀ ਓਟ ਵੇਖਦਾ ਹਾਂ॥੩॥ |
| ਮੋਹਿ ਨਿਰਗੁਣ ਗੁਣੁ ਕਿਛੂ ਨ ਜਾਤਾ॥ ਨਾਨਕ ਸਾਧੂ ਦੇਖਿ ਮਨੁ ਰਾਤਾ॥੪॥੩॥ | ਮੈਂ ਗੁਣਹੀਨ ਹਾਂ (ਤੇਰਾ ਕੀਤਾ ਗੁਣ=) ਉਪਕਾਰ (ਮੈਂ) ਕੁਛ ਨਹੀਂ ਜਾਣਿਆ। ਸਾਧੂ ਨੂੰ ਦੇਖ ਕੇ (ਭਾਵ ਮਿਲਕੇ ਤੇ ਉਸ ਦੇ ਪੂਰਨਿਆਂ ਤੇ ਟੁਰ ਕੇ) ਨਾਨਕ ਦਾ ਮਨ (ਆਪ ਦੇ ਪ੍ਰੇਮ ਵਿਚ) ਰੰਗਿਆ ਗਿਆ ਹੈ॥੪॥੩॥ |

## ਗੁਰੂ ਦਰਸ਼ਨ

ਇਹ ਸ਼ਬਦ ਗਾ ਕੇ ਸਾਹਿਬ ਚੁਪ ਹੋ ਗਏ। ਥੋੜ੍ਹੀ ਦੇਰ ਬਾਅਦ ਨੈਣ ਖੁੱਲ੍ਹੇ ਤੇ ਸਾਰੀ ਜੁੜੀ ਬੰਗਤਿ ਤੇ ਮਿਹਰ ਦੀ ਪਜਾਰ ਨਾਲ ਡੁਲ੍ਹਦੀ ਨਜ਼ਰ ਪਈ। ਫੇਰ ਮੇਵੜੇ ਨੇ ਅਰਦਾਸ ਕੀਤੀ ਤਾਂ ਥਾਂ ਥਾਂ ਦੀਆਂ ਸੰਗਤਾਂ ਹਾਜ਼ਰ ਹੋਈਆਂ। ਸੰਗਾਂ ਦੇ ਮੁਖੀਏ ਮੁਹਰੇ ਮੁਹਰੇ ਨਾਲ ਆਏ। ਭੇਟਾਂ ਪੇਸ਼ ਹੋਈਆਂ। ਸਤਿਗੁਰ ਜੀ ਨੇ ਅਸ਼ੀਰਵਾਦਾਂ ਦਿੱਤੀਆਂ। ਡੱਲੇ ਦੇ ਤੇ ਗੋਇੰਦਵਾਲ ਦੇ ਸਿੱਖ ਤੇ ਸਨਬੰਧੀ ਬੀ ਇਸ ਵੇਲੇ ਗੁਰੂ ਭਾਵਨਾ ਨਾਲ ਹਾਜ਼ਰ ਹੋਏ ਤੇ ਸਾਰੇ ਮਿਹਰਾਂ ਪਾ ਕੇ ਕ੍ਰਿਤਾਰਥ ਹੋ ਕੇ ਥਾਓਂ ਥਾਈਂ ਬਹਿ ਗਏ। ਫੇਰ ਰਬਾਬੀਆਂ ਨੇ ਕੀਰਤਨ ਕੀਤਾ। ਰਾਮਕਲੀ ਦੀ ਸੁਰ ਵਿਚ ਇਹ ਪਉੜੀ ਗਾਇਨ ਕੀਤੀ :-

**ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥ ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥ ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ॥ ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ॥ ਜਿਨ੍ਹੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ॥ ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ॥ ਧੰਨੁ ਸੁ ਤੇਰਾ ਥਾਨੁ ਹੈ॥ ਸਚੁ ਤੇਰਾ ਪੈਸਕਾਰਿਆ॥ ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ॥ ਗੁਰੁ ਡਿਠਾ ਤਾਂ ਮਨੁ ਸਾਧਾਰਿਆ॥੭॥**

(ਟਿਕੇ ਦੀ ਵਾਰ ਵਿਚੋਂ)

**-ਅਸ਼ਟ ਗੁਰ ਚਮਤਕਾਰ, ਭਾਗ-੨**

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਸਰਦਾਰ ਪ੍ਰਤਾਪ ਸਿੰਘ ਕੈਰੋਂ ਬਾਰੇ ਲਿਖੀ ਪੁਸਤਕ ਤੇ ਚਰਚਾ

ਨਵੀਂ ਦਿੱਲੀ, 22 ਅਗਸਤ 2020: ਨੈਸ਼ਨਲ ਇੰਸਟੀਟਿਊਟ ਆਫ਼ ਪੰਜਾਬ ਸਟੱਡੀਜ਼, ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਸ. ਗੁਰਿੰਦਰ ਸਿੰਘ ਕੈਰੋਂ, ਸ਼੍ਰੀਮਤੀ ਮੀਤਾ ਰਾਜੀਵਲੋਚਨ ਅਤੇ ਪ੍ਰੋ. ਐਮ. ਰਾਜੀਵਲੋਚਨ ਰਾਹੀਂ ਲਿਖਿਤ ਪੁਸਤਕ **ਪ੍ਰਤਾਪ ਸਿੰਘ ਕੈਰੋਂ-ਏ ਵਿਜ਼ਨਰੀ** ਉਪਰ ਚਰਚਾ ਦਾ ਆਯੋਜਨ ਕੀਤਾ ਗਿਆ। ਇਸ ਚਰਚਾ ਵਿਚ ਯੁਵਾ ਮਾਮਲਿਆਂ ਅਤੇ ਖੇਡਾਂ ਨਾਲ ਸੰਬੰਧਿਤ ਸਾਬਕਾ ਮੰਤਰੀ ਡਾ. ਮਨੋਹਰ ਸਿੰਘ ਗਿੱਲ, ਜੇ.ਐਨ.ਯੂ. ਤੋਂ ਪ੍ਰੋ. ਭਗਵਾਨ ਜੋਸ਼ ਅਤੇ ਚੰਡੀਗੜ੍ਹ ਤੋਂ ਪ੍ਰੋ. ਹਰੀਸ਼ ਪੁਰੀ ਨੇ ਹਿੱਸਾ ਲਿਆ ਅਤੇ ਦਿੱਲੀ ਯੂਨੀਵਰਸਿਟੀ ਦੇ ਐਸੋਸ਼ੀਏਟ ਪ੍ਰੋਫ਼ੈਸਰ ਡਾ. ਮਾਧੁਰੀ ਚਾਵਲਾ ਨੇ ਇਸ ਪ੍ਰੋਗਰਾਮ ਦਾ ਸੰਚਾਲਨ ਕੀਤਾ।

ਪ੍ਰੋਗਰਾਮ ਦਾ ਆਰੰਭ ਕਰਦਿਆਂ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਸਭ ਨੂੰ ਜੀਓ-ਆਇਆਂ ਕਹਿੰਦਿਆਂ ਸ. ਪ੍ਰਤਾਪ ਸਿੰਘ ਕੈਰੋਂ ਦੀ ਪੰਜਾਬ ਪ੍ਰਤੀ ਦੇਣ ਨੂੰ ਸੰਖੇਪ 'ਚ ਉਜਾਗਰ ਕੀਤਾ। ਉਪਰੰਤ ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਡਾ. ਮਾਧੁਰੀ ਚਾਵਲਾ ਨੇ ਪੁਸਤਕ ਬਾਰੇ ਦੱਸਦਿਆਂ ਕਿਹਾ ਕਿ 12 ਪਾਠਾਂ 'ਚ ਲਿਖੀ ਇਹ ਪੁਸਤਕ ਉਸ ਵੇਲੇ ਦੇ ਸਭ ਤੋਂ ਤਾਕਤਵਰ ਮੁੱਖ-ਮੰਤਰੀ ਪ੍ਰਤਾਪ ਸਿੰਘ ਕੈਰੋਂ ਦੀ ਜੀਵਨੀ ਅਤੇ ਉਹਨਾਂ ਦੇ ਕਾਰਜਾਂ ਨੂੰ ਉਲੀਕਦੀ ਹੈ ਜਿਸ ਸਦਕਾ ਉਸ ਵੇਲੇ ਦਾ ਸੰਕਟਗ੍ਰਸਤ ਪੰਜਾਬ ਸੰਗਠਿਤ ਹੋ ਕੇ ਆਧੁਨਿਕ ਲੀਹਾਂ ਤੇ ਵਿਕਸਿਤ ਹੋਣ ਲੱਗਾ। ਇਸ ਤੋਂ ਬਾਅਦ ਡਾ. ਮਨੋਹਰ ਸਿੰਘ ਗਿੱਲ ਨੇ ਆਪਣੇ ਲੈਕਚਰ 'ਚ ਪੁਸਤਕ ਦੀ ਪ੍ਰਸੰਸਾ ਕਰਦਿਆਂ ਇਸ ਨੂੰ ਅਜਿਹੀ ਰਚਨਾ ਕਿਹਾ ਜੋ ਪ੍ਰਤਾਪ ਸਿੰਘ ਕੈਰੋਂ ਦੀ ਸ਼ਖ਼ਸੀਅਤ ਨਾਲ ਪੂਰਾ ਨਿਆਂ ਕਰਦੀ ਹੈ। ਡਾ. ਗਿੱਲ ਨੇ ਪੁਸਤਕ ਅਤੇ ਨਿਜੀ ਯਾਦਾਂ ਦੇ ਆਧਾਰ ਤੇ ਪ੍ਰਤਾਪ ਸਿੰਘ ਕੈਰੋਂ ਨੂੰ ਅਜਿਹੀ ਸ਼ਖ਼ਸੀਅਤ ਕਿਹਾ ਜਿਨ੍ਹਾਂ ਉਸ ਵੇਲੇ ਚੰਡੀਗੜ੍ਹ ਦਾ ਵਿਕਾਸ, ਜ਼ਮੀਨ ਦੀ ਚਕਬੰਦੀ, ਭਾਖੜਾ ਨੰਗਲ ਡੈਮ ਦੀ ਉਸਾਰੀ, ਪੰਜਾਬ ਦਾ ਸਨਅਤੀ ਵਿਕਾਸ, ਪਿਛੜੇ ਵਰਗਾਂ ਦਾ ਉੱਥਾਨ ਅਤੇ ਨਹਿਰੀ ਨਿਰਮਾਣ ਦੇ ਅਨੇਕ ਕਾਰਜਾਂ ਨੂੰ ਨੇਪਰੇ ਚਾੜ੍ਹਿਆ। ਇਤਿਹਾਸ ਵਿਸ਼ੇਸ਼ੱਗ ਪ੍ਰੋ. ਭਗਵਾਨ ਜੋਸ਼ ਨੇ ਪ੍ਰਤਾਪ ਸਿੰਘ ਕੈਰੋਂ ਨੂੰ ਰਾਜਨੀਤੀ ਦੇ ਖੇਤਰ ਦੀ ਇਕ ਅਜਿਹੀ ਵਿਲੱਖਣ ਸ਼ਖ਼ਸੀਅਤ ਕਿਹਾ ਜਿਹਨਾਂ ਆਪਣੇ ਸਮੇਂ ਦੇ ਮਸਲਿਆਂ ਨੂੰ ਸੂਝ ਸਹਿਤ ਆਪਣੇ ਅੰਦਾਜ਼ 'ਚ ਨਜਿੱਠਿਆ। ਉਹਨਾਂ ਅਨੁਸਾਰ ਕੈਰੋਂ ਭ੍ਰਿਸ਼ਟਾਚਾਰ ਦੇ ਵਿਰੁੱਧ ਸਨ ਅਤੇ ਆਪਣੀ ਫਲਾਇੰਗ ਸੁਕੈਅਡ ਪਹੁੰਚ ਰਾਹੀਂ ਉਹਨਾਂ ਸਰਕਾਰੀ ਕੰਮ ਨੂੰ ਗਤੀ ਪ੍ਰਦਾਨ ਕੀਤੀ। ਪ੍ਰੋ. ਹਰੀਸ਼ ਪੁਰੀ ਦਾ ਲੈਕਚਰ ਪ੍ਰਤਾਪ ਸਿੰਘ ਕੈਰੋਂ ਦੀ ਸ਼ਖ਼ਸੀਅਤ ਤੇ ਕੇਂਦਰਿਤ ਸੀ। ਉਨ੍ਹਾਂ ਅਨੁਸਾਰ ਮਨੁੱਖੀ ਕਦਰਾਂ-ਕੀਮਤਾਂ ਅਤੇ ਸੰਪਰਦਾਇ-ਪਾਰ ਦੀ ਸੋਚ ਰੱਖਣ ਵਾਲੇ ਸਰਦਾਰ ਕੈਰੋਂ ਉਸ ਸਮੇਂ ਦੇ ਸੰਗਠਿਤ ਪੰਜਾਬ ਦੇ ਸਰਬਪੱਖੀ ਵਿਕਾਸ ਲਈ ਅਣਥੱਕ ਜਤਨ ਕਰਦੇ ਰਹੇ ਤੇ ਇਸ ਵਿਚ ਉਹਨਾਂ ਦੇ ਪਰਿਵਾਰ ਦੇ ਯੋਗਦਾਨ ਨੂੰ ਵੀ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਅਖ਼ੀਰ 'ਚ ਡਾ. ਰਵੇਲ ਸਿੰਘ ਨੇ ਸਭ ਦਾ ਧੰਨਵਾਦ ਕਰਦਿਆਂ ਤਤਕਾਲੀ ਮੁੱਖ-ਮੰਤਰੀ ਪ੍ਰਤਾਪ ਸਿੰਘ ਕੈਰੋਂ ਬਾਰੇ ਲਿਖੀ ਇਸ ਪੁਸਤਕ ਨੂੰ ਪੰਜਾਬੀ ਅਤੇ ਹਿੰਦੀ 'ਚ ਉਲਥਾਉਣ ਦਾ ਸੁਝਾਅ ਦਿੱਤਾ ਤਾਂ ਜੋ ਹਰ ਪੰਜਾਬੀ ਪਾਠਕ ਪ੍ਰਤਾਪ ਸਿੰਘ ਕੈਰੋਂ ਦੀ ਸ਼ਖ਼ਸੀਅਤ ਅਤੇ ਆਪਣੇ ਸਮੇਂ 'ਚ ਉਹਨਾਂ ਦੀ ਪੰਜਾਬ ਪ੍ਰਤੀ ਦੇਣ ਨੂੰ ਜਾਣ ਸਕੇ। ✧✧

